
Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 97 | Wednesday, May 18, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਤਲਾਅ ਵਿੱਚੋਂ ਮਿਲੇ ਮਨੁੱਖੀ ਅਵਸ਼ੇਸ਼ ਟੋਰਾਂਟੋ ਤੋਂ ਲਾਪਤਾ ਵਿਅਕਤੀ ਦੇ : ਪੁਲਿਸ



ਟੋਰਾਂਟੋ, 17 ਮਈ (ਪੋਸਟ ਬਿਊਰੋ) : ਪਿਛਲੇ ਹਫਤੇ ਅਕਸਬ੍ਰਿੱਜ ਤੋਂ ਮਿਲੇ ਮਨੁੱਖੀ ਅਵਸ਼ੇਸ਼ ਪਿਛਲੀਆਂ ਗਰਮੀਆਂ ਵਿੱਚ ਲਾਪਤਾ ਹੋਏ ਟੋਰਾਂਟੋ ਦੇ ਵਿਅਕਤੀ ਦੇ ਹਨ।

10 ਮਈ ਨੂੰ ਦੁਪਹਿਰੇ 2:40 ਵਜੇ ਇੱਕ ਤਲਾਅ ਵਿੱਚ ਤੈਰ ਰਹੇ ਬੈਗ ਵਿੱਚ ਮਨੁੱਖੀ ਅਵਸ਼ੇਸ਼ ਮਿਲਣ ਤੋਂ ਬਾਅਦ ਡੀਆਰਪੀਐਸ ਅਧਿਕਾਰੀਆਂ ਨੂੰ ਅਕਸਬ੍ਰਿੱਜ ਕਨਸੈਸ਼ਨ ਰੋਡ 6 ਤੇ ਆਲਬ੍ਰਾਈਟ ਰੋਡ ਏਰੀਆ ਵਿੱਚ ਸੱਦਿਆ ਗਿਆ। ਓਨਟਾਰੀਓ ਫੋਰੈਂਸਿਕ ਪੈਥੌਲੋਜੀ ਸਰਵਿਸਿਜ਼ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 32 ਸਾਲਾਂ ਦੇ ਏਰੀਅਲ ਕਾਪਲਾਨ ਦੇ ਹਨ। ਇਸ ਦੌਰਾਨ ਪਬਲਿਕ ਸੇਫਟੀ ਯੂਨਿਟ ਦੇ ਨਾਲ ਨਾਲ ਯੌਰਕ ਰੀਜਨਲ ਪੁਲਿਸ ਦੀ ਡਾਈਵ ਟੀਮ ਦੇ ਮੈਂਬਰਾਂ ਵੱਲੋਂ ਜ਼ਮੀਨੀ ਪੱਧਰ ਅਤੇ ਪਾਣੀ ਵਿੱਚ ਸਰਚ ਕੀਤੀ ਗਈ। ਮੰਗਲਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਅਨੁਸਾਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਕਾਪਲਾਨ ਦੇ ਪਿਛਲੇ ਸਾਲ ਅਗਸਤ 2021 ਵਿੱਚ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਸੀ। ਮਈ 2021 ਵਿੱਚ ਕਾਪਲਾਨ ਉੱਤੇ ਜੁਰਮ ਨਾਲ ਹਾਸਲ ਕੀਤੀ ਸੰਪਤੀ ਰੱਖਣ ਤੇ 250,000 ਡਾਲਰ ਦੇ ਸਮਾਨ ਨਾਲ ਭਰੇ ਟਰੈਕਟਰ ਟਰੇਲਰ ਨੂੰ ਚੋਰੀ ਕਰਨ ਦੇ ਦੋਸ਼ ਲੱਗੇ ਸਨ। ਦਰਹਾਮ ਪੁਲਿਸ ਦੀ ਹੋਮੀਸਾਈਡ ਯੂਨਿਟ, ਟੋਰਾਂਟੋ ਪੁਲਿਸ ਨਾਲ ਰਲ ਕੇ ਇਸ ਮਾਮਲੇ ਉੱਤੇ ਕੰਮ ਕਰ ਰਹੀਆਂ ਹਨ।

## ਐਨਡੀਪੀ ਤੇ ਪੀਸੀ ਖੁਦ ਨੂੰ ਲੇਬਰ ਪੱਖੀ ਦੱਸਣ ਵਿੱਚ ਨਹੀਂ ਛੱਡ ਰਹੀਆਂ ਕੋਈ ਕਸਰ



ਟੋਰਾਂਟੋ, 17 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਡੱਗ ਫੋਰਡ ਨੇ ਯੂਨੀਅਨਾਂ ਨਾਲ ਆਪਣੇ ਸਬੰਧਾਂ ਦੀ ਗੱਲ ਕਰਦਿਆਂ ਹੋਇਆਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਲੇਬਰ ਫਰੈਂਡਲੀ ਦੱਸਿਆ । ਪਰ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਆਖਿਆ ਗਿਆ ਕਿ ਫੋਰਡ ਸਿਰਫ ਲੇਬਰ ਪੱਖੀ ਹੋਣ ਦਾ ਦਾਅਵਾ ਕਰ ਰਹੇ ਹਨ ਪਰ ਅਜਿਹਾ ਅਸਲ ਵਿੱਚ ਹੈ ਨਹੀਂ।

ਕੈਂਪੈਨ ਦੌਰਾਨ ਟੋਰੀਜ਼ ਨੂੰ ਕੰਸਟ੍ਰਕਸ਼ਨ ਯੂਨੀਅਨ ਦਾ ਸਾਥ ਮਿਲ ਗਿਆ ਜਦਕਿ ਰਵਾਇਤੀ ਤੌਰ ਉੱਤੇ ਵਰਕਰ ਫਰੈਂਡਲੀ ਐਨਡੀਪੀ ਨੂੰ ਓਨਟਾਰੀਓ ਪਬਲਿਕ ਸਰਵਿਸ ਇੰਪਲੌਈਜ਼ ਯੂਨੀਅਨ, ਜਿਸ ਦੇ 180,000 ਵਰਕਰ ਹਨ, ਤੋਂ ਸਮਰਥਨ ਹਾਸਲ ਹੋਇਆ। ਇਸ ਦੌਰਾਨ ਇੰਟਰਨੈਸ਼ਨਲ ਯੂਨੀਅਨ ਆਫ ਪੇਂਟਰਜ਼ ਐਂਡ ਅਲਾਈਡ ਟਰੇਡਜ਼ ਤੋਂ ਸਮਰਥਨ ਹਾਸਲ ਹੋਣ ਤੋਂ ਬਾਅਦ ਫੋਰਡ ਨੇ ਆਖਿਆ ਕਿ ਇਹ ਉਹ ਲੋਕ ਹਨ ਜਿਨ੍ਹਾਂ ਵੱਲੋਂ ਓਨਟਾਰੀਓ, ਟੋਰਾਂਟੋ, ਤੇ ਸਮੁੱਚੇ ਪ੍ਰੋਵਿੰਸ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਭਾਵੇਂ ਮੌਸਮ ਕਿਹੋ ਜਿਹਾ ਹੋਵੇ ਪਰ ਇਹ ਲੋਕ ਕੰਮ ਕਰਦੇ ਰਹਿੰਦੇ ਹਨ। ਅਸੀਂ ਇਨ੍ਹਾਂ ਤੋਂ ਬਿਨਾਂ ਪ੍ਰੋਵਿੰਸ ਚਲਾਉਣ ਬਾਰੇ ਸੋਚ ਵੀ ਨਹੀਂ ਸਕਦੇ। ਸਵੇਰ ਸਮੇਂ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਿੱਠ ਉੱਤੇ ਹਮੇਸ਼ਾਂ ਇਨ੍ਹਾਂ ਲੋਕਾਂ ਦਾ ਥਾਪੜਾ ਰਿਹਾ ਹੈ।

ਫੋਰਡ ਵੱਲੋਂ ਖੁਦ ਨੂੰ ਯੂਨੀਅਨ ਪੱਖੀ ਦੱਸੇ ਜਾਣ ਤੋਂ ਬਾਅਦ ਐਨਡੀਪੀ ਦੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ 2019 ਵਿੱਚ ਤਨਖਾਹਾਂ ਵਿੱਚ ਵਾਧੇ ਉੱਤੇ ਰੋਕ ਲਾਏ ਜਾਣ ਲਈ ਲਿਆਂਦੇ ਬਿੱਲ ਨੂੰ ਪਾਸ ਕਰਕੇ ਫੋਰਡ ਨੇ ਆਪਣੇ ਓਪੀਐਸਈਯੂ ਤੇ ਹੋਰਨਾਂ ਲੇਬਰ ਗਰੁੱਪਸ ਦੇ ਖਿਲਾਫ ਹੋਣ ਦਾ ਸਬੂਤ ਦਿੱਤਾ ਸੀ। ਹੌਰਵਥ ਨੇ ਆਖਿਆ ਕਿ ਐਨਡੀਪੀ ਸ਼ੁਰੂ ਤੋਂ ਹੀ ਯੂਨੀਅਨਜ਼ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੀ ਆਈ ਹੈ ਤੇ ਇਸ ਲਈ ਵਰਕਰਜ਼ ਨੂੰ ਫੋਰਡ ਦੇ ਬਦਲੇ ਹੋਏ ਸੁਰ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਅਸੀਂ ਫੋਰਡ ਨੂੰ ਯੂਨੀਅਨਾਂ ਉੱਤੇ ਹਮਲਾ ਕਰਦਿਆਂ ਵੇਖਿਆ ਹੈ, ਅਸੀਂ ਉਨ੍ਹਾਂ ਨੂੰ ਵਰਕਿੰਗ ਲੋਕਾਂ ਉੱਤੇ ਹਮਲਾ ਕਰਦਿਆਂ ਵੀ ਵੇਖਿਆ ਹੈ। ਕੰਜ਼ਰਵੇਟਿਵ ਹਮੇਸ਼ਾਂ ਅਜਿਹਾ ਕਰਦੇ ਹਨ। ਪਰ ਉਨ੍ਹਾਂ ਆਖਿਆ ਕਿ ਉਹ ਜਾਣਦੀ ਹੈ ਕਿ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ, ਚੋਣਾਂ ਦਰਮਿਆਨ ਤੇ ਚੋਣਾਂ ਤੋਂ ਬਾਅਦ ਕਿਸ ਦੇ ਨਾਲ ਖੜ੍ਹਨਾ ਹੈ।

## ਰੈਗੂਲਰ ਟਰੈਵਲ ਤੇ ਪਬਲਿਕ ਹੈਲਥ ਮਾਪਦੰਡ ਇੱਕਠਿਆਂ ਨਹੀਂ ਚੱਲ ਸਕਦੇ : ਕੈਨੇਡੀਅਨ ਏਅਰਪੋਰਟ ਕਾਊਂਸਲ



ਓਟਵਾ, 17 ਮਈ (ਪੋਸਟ ਬਿਊਰੋ) : ਕੈਨੇਡੀਅਨ ਏਅਰਪੋਰਟਸ ਕਾਊਂਸਲ ਦਾ ਕਹਿਣਾ ਹੈ ਕਿ ਕੈਨੇਡੀਅਨ ਏਅਰਪੋਰਟਸ ਉੱਤੇ ਇੰਟਰਨੈਸ਼ਨਲ ਫਲਾਈਟਸ ਕਾਰਨ ਐਨੀ ਭੀੜ ਲੱਗੀ ਹੋਈ ਹੈ ਕਿ ਲੈਂਡ ਕਰਨ ਤੋਂ ਬਾਅਦ ਲੋਕਾਂ ਨੂੰ ਇੱਕ ਘੰਟੇ ਤੋਂ ਵੀ ਜ਼ਿਆਦਾ ਸਮੇਂ ਲਈ ਜਹਾਜ਼ਾਂ ਵਿੱਚ ਹੀ ਬਿਠਾਉਣਾ ਪੈ ਰਿਹਾ ਹੈ। ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿ ਟਰੈਵਲਰਜ਼ ਦੀਆਂ ਲੰਮੀਆਂ ਕਤਾਰਾਂ ਨੂੰ ਸਾਂਭ ਕੇ ਰੱਖਣ ਲਈ ਏਅਰਪੋਰਟਸ ਉੱਤੇ ਥਾਂ ਹੀ ਨਹੀਂ ਬਚੀ ਹੈ।

ਕਾਊਂਸਲ ਵੱਲੋਂ ਇਸ ਦਾ ਇੱਕ ਵੱਡਾ ਕਾਰਨ ਕੋਵਿਡ-19 ਸਬੰਧੀ ਪ੍ਰੋਟੋਕਾਲਜ਼ ਨੂੰ ਦੱਸਿਆ ਜਾ ਰਿਹਾ ਹੈ ਤੇ ਫੈਡਰਲ ਸਰਕਾਰ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਕਦੇ ਕਦਾਈਂ ਪੈਸੈਂਜਰਜ਼ ਦੇ ਟੈਸਟ ਕਰਵਾਇਆ ਕਰਨ ਤਾਂ ਕਿ ਕੈਨੇਡਾ ਆਉਣ ਵਾਲੇ ਯਾਤਰੀਆਂ ਨੂੰ ਗੰਭੀਰ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ। ਕਾਊਂਸਲਜ਼ ਦੀ ਅੰਤਰਿਮ ਪ੍ਰੈਜ਼ੀਡੈਂਟ ਮੌਨੇਟ ਪਾਸ਼ਰ ਨੇ ਆਖਿਆ ਕਿ ਇਸ ਸਮੇਂ ਲੋਕਾਂ ਨੂੰ ਪ੍ਰੋਸੈੱਸ ਕਰਨ ਵਿੱਚ ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਚਾਰ ਗੁਣਾ ਜ਼ਿਆਦਾ ਸਮਾਂ ਲੱਗਦਾ ਹੈ। ਉਨ੍ਹਾਂ ਆਖਿਆ ਕਿ ਇਹ ਉਸ ਸਮੇਂ ਠੀਕ ਸੀ ਜਦੋਂ ਲੋਕ ਟਰੈਵਲ ਨਹੀਂ ਸਨ ਕਰ ਰਹੇ ਪਰ ਹੁਣ ਇਹ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ।

...ਬਾਕੀ ਪੰਨਾ 3 'ਤੇ

## ਪ੍ਰੋਗਰਾਮਾਂ ਵਿੱਚ ਪ੍ਰਸਤਾਵਿਤ ਤਬਦੀਲੀਆਂ ਖਿਲਾਫ ਵਿਦਿਆਰਥੀਆਂ ਨੇ ਕੀਤਾ ਮੁਜ਼ਾਹਰਾ



ਟੋਰਾਂਟੋ, 17 ਮਈ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਐਡਮਿਸ਼ਨ ਮਾਪਦੰਡਾਂ ਤੋਂ ਲੈ ਕੇ ਏਰੀਆਜ਼ ਆਫ ਸਪੈਸ਼ਲਾਈਜ਼ੇਸ਼ਨ ਤੱਕ ਆਪਣੇ ਐਜੁਕੇਸ਼ਨਲ ਪ੍ਰੋਗਰਾਮਾਂ ਨੂੰ ਓਵਰਹਾਲ ਕੀਤਾ ਜਾ ਰਿਹਾ ਹੈ। ਇਸ ਪਾਲਿਸੀ ਚੇਂਜ ਦਾ ਟੀਚਾ ਪ੍ਰੋਗਰਾਮਾਂ ਤੱਕ ਪਹੁੰਚ ਦੇ ਰਾਹ ਆਉਣ ਵਾਲੇ ਅੜਿੱਕਿਆਂ ਨੂੰ ਖ਼ਤਮ ਕਰਨਾ ਤੇ ਪ੍ਰੋਗਰਾਮਾਂ ਦੇ ਮਿਆਰ ਨੂੰ ਸੁਧਾਰਨਾ ਹੈ। ਪਰ ਬਹੁਤ ਸਾਰੇ ਵਿਦਿਆਰਥੀਆਂ ਦਾ ਮੰਨਣਾ ਹੈ ਕਿ ਹੋਵੇਗਾ ਇਸ ਤੋਂ ਉਲਟ।

...ਬਾਕੀ ਪੰਨਾ 3 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

NOW HIRING !!! ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

SAMSUNG BUY 2 OR MORE APPLIANCES
OURR HOME & APPLIANCES
EXCLUSIVE NO TAX EVENT FROM MAY 13TH - 30TH
PRICE $5299
Premium Package
DEAL TILL STOCK LAST
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

"LET US ONCE AGAIN, DELIVER FOR YOU"

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ"

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™
AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਵਿਗੜਦੀ ਹਾਲਤ ਆ ਜਾਂਵਦੀ ਪਾਕਿ ਵੰਨੀਂ,
ਹਰ ਕੋਈ ਦੂਜੇ ਨੂੰ ਦੇਵੇ ਪਿਆ ਦੋਸ਼ ਬੇਲੀ।
ਖਿੱਚੋਤਾਣ ਪਈ ਚੱਲ ਰਹੀ ਕੁਰਸੀਆਂ ਲਈ,
ਕੁਰਸੀਆਂ ਖੋਹਣ-ਬਚਾਉਣ ਨੂੰ ਜੋਸ਼ ਬੇਲੀ।
ਅਸਲੀ ਤਾਕਤ ਆ ਹੱਥ ਵਿੱਚ ਫੌਜੀਆਂ ਦੇ,
ਫੌਜ ਦੇ ਜਨਰਲ ਆ ਸਿਰਫ ਖਾਮੋਸ਼ ਬੇਲੀ।
ਡੁੱਬਦੀ ਮੁਲਕ ਦੀ ਜਾਂਦੀ ਆ ਆਰਥਕਿਤਾ,
ਇਹਦੀ ਲੀਡਰ ਨਹੀਂ ਕਿਸੇ ਨੂੰ ਹੋਸ਼ ਬੇਲੀ।
ਖਜ਼ਾਨੇ ਵਿੱਚ ਨਹੀਂ ਕੱਖ ਹੈ ਰਿਹਾ ਉਸ ਦੇ,
ਦੇ ਰਿਹਾ ਮੁਲਕ ਨਹੀਂ ਕੋਈ ਹੁਦਾਰ ਬੇਲੀ।
ਓਧਰ ਲੰਕਾ ਸਮੁੰਦਰ ਵਿੱਚ ਰੁੜ੍ਹੀ ਲੱਗਦੀ,
ਅਗਲਾ ਪਾਕਿ ਦਾ ਜਾਪ ਰਿਹਾ ਵਾਰ ਬੇਲੀ।

**ਤੀਸ ਮਾਰ ਖਾਂ**

# ਮੋਹਾਲੀ ਵਿੱਚ ਕਿਸਾਨਾਂ ਦਾ ਪੱਕਾ ਧਰਨਾ ਸ਼ੁਰੂ, ਕਈ ਵੱਡੇ ਐਲਾਨ ਕੀਤੇ ਗਏ



ਮੋਹਾਲੀ, 17 ਮਈ, (ਪੋਸਟ ਬਿਊਰੋ)- ਬੀਤੇ ਦਿਨੀਂ ਪੰਜਾਬ ਦੇ 23 ਕਿਸਾਨ ਸੰਗਠਨਾਂ ਨੇਐਲਾਨ ਕੀਤਾ ਸੀ ਕਿ ਉਹ 17 ਮਈ ਨੂੰ ਚੰਡੀਗੜ੍ਹ ਵਿਖੇ ਕਿਸਾਨੀ ਮੰਗਾਂ ਲਈ ਧਰਨਾ ਸ਼ੁਰੂ ਕਰਨਗੇਅਤੇ ਇਹ ਸੰਘਰਸ਼ ਸਰਕਾਰ ਵੱਲੋਂ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਇਸੇ ਹੇਠ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ 23 ਕਿਸਾਨ ਜਥੇਬੰਦੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਲਈਅੱਜਏਥੇ ਟਰੈਕਟਰ ਮਾਰਚ ਕੀਤਾ ਅਤੇ ਧਰਨਾ ਲਾ ਦਿੱਤਾ।

ਅੱਜ ਦੇ ਇਸ ਮਾਰਚ ਦੌਰਾਨ ਕਿਸਾਨ ਆਗੂਆਂ ਨੇ ਮੋਹਾਲੀ ਵਿਖੇ ਪ੍ਰੈੱਸ ਕਾਨਫਰੰਸ ਕਰ ਕੇਸਾਫ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਵਿੱਚੋਂ ਇੱਕ ਇਹ ਵੀ ਸੀ ਕਿ ਪੰਜਾਬ ਵਿੱਚ ਜਿਹੜੇ ਕਾਰਪੋਰੇਟ ਘਰਾਣੇ ਜਾਂ ਬੈਂਕ ਹਨ, ਉਨ੍ਹਾਂ ਵਿੱਚ ਜਿੰਨੇ ਵੀ ਕਿਸਾਨ ਡਿਫਾਲਟਰ ਹਨ ਜਾਂ ਜਿਨ੍ਹਾਂ ਕਿਸਾਨਾਂ ਉੱਤੇ ਕਰਜ਼ਾ ਹੈ, ਉਨ੍ਹਾਂ ਦੇ ਵਾਰੰਟ ਕੱਢਣੇ ਅਤੇ ਕੁਰਕੀਆਂ ਕਰਨ ਦਾ ਕੰਮ ਬੰਦ ਕੀਤਾ ਜਾਵੇ ਅਤੇ ਨਾਲ ਇਹ ਵੀ ਮੰਗ ਸੀ ਕਿ ਪਿਛਲੀ ਸਰਕਾਰ ਨਾਲ ਜੋ ਗੰਨੇ ਦਾ 360 ਰੁਪਏ ਭਾਅ ਤੈਅ ਹੋਇਆ ਸੀ, ਉਸ ਵਿੱਚੋਂ 35 ਰੁਪਏ ਅਜੇ ਤੱਕ ਬਕਾਇਆ ਹੈ, ਇਹ ਬਕਾਇਆ ਜਲਦੀ ਦਿੱਤਾ ਜਾਵੇ।

ਇਸ ਮੌਕੇ ਹਟਵੀਂ ਗੱਲ ਕਰਦੇ ਹੋਏ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਪੰਜਾਬ ਦੇ ਕੰਢੀ ਖੇਤਰ ਵਿੱਚ ਪਾਪੂਲਰ ਅਤੇ ਸਫੈਦੇ ਦੀ ਫਸਲ ਵੱਡੇ ਪੱਧਰ ਉੱਤੇ ਹੁੰਦੀ ਹੈ, ਪਰ ਉਸ ਦੀ ਕੋਈ ਸਰਕਾਰੀ ਮੰਡੀ ਨਾ ਹੋਣ ਕਰਕੇ ਕਿਸਾਨਾਂ ਦੀ ਵੱਡੀ ਲੁੱਟ ਹੁੰਦੀ ਹੈ। ਸਰਕਾਰ ਤੋਂ ਇਹ ਮੰਗ ਹੈ ਕਿ ਕੰਢੀ ਇਲਾਕੇ ਵਿੱਚ ਸਰਕਾਰੀ ਮੰਡੀ ਬਣਾਈ ਜਾਵੇ ਤਾਂ ਕਿ ਇਹ ਲੁੱਟ ਰੁਕ ਸਕੇ। ਪਾਣੀ ਬਾਰੇ ਉਨ੍ਹਾਂ ਕਿ ਅਸੀਂ ਪਾਣੀ ਬਚਾਉਣਾ ਚਾਹੁੰਦੇ ਹਾਂ, ਪਰਇਹ ਸਮੇਂ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਇਸ ਦੀਨੀਤੀ ਬਣਾਉਣ, ਜਿਸ ਨਾਲ ਪਾਣੀ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਨਹਿਰਾਂ ਰਾਹੀਂ ਖੇਤਾਂ ਨੂੰ ਪਾਣੀ ਦਿੱਤਾ ਜਾਣਾ ਚਾਹੀਦਾ ਹੈ, ਜਿਸ ਨਾਲ ਟਿਊਬਵੈੱਲ ਚਲਾਉਣ ਦੀ ਲੋੜ ਹੀ ਨਾ ਪਵੇ।

ਕਿਸਾਨ ਆਗੂ ਅਵਤਾਰ ਸਿੰਘ ਮਹਿਮਾ ਨੇ ਕਿਹਾ ਕਿ ਮੂੰਗੀ, ਮੱਕੀ ਜਾਂ ਬਾਸਮਤੀ ਹੋਵੇ,ਸਰਕਾਰ ਬਿਆਨ ਦੇਂਦੀ ਹੈ, ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ।ਉਨ੍ਹਾਂ ਕਿਹਾ ਕਿ ਬਾਸਮਤੀ ਦੀ ਫਸਲ ਘੱਟ ਸਮੇਂ ਵਿੱਚ ਪੱਕ ਜਾਂਦੀ ਹੈ, ਇਸ ਲਈ ਸਾਡੀ ਮੰਗ ਹੈ ਕਿ ਇਸ ਦਾ ਘੱਟੋ-ਘੱਟ 4500 ਰੁਪਏ ਭਾਅ ਤੈਅ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚਿੱਪ ਵਾਲੇ ਮੀਟਰਾਂ ਦਾ ਫੈਸਲਾ ਤੁਰੰਤ ਰੱਦ ਕੀਤਾ ਜਾਵੇ।ਉਨ੍ਹਾ ਕਿਹਾ ਕਿ ਇਨ੍ਹਾਂ ਮੰਗਾਂ ਲਈ ਅਸੀਂ ਇਹ ਮੋਰਚਾ ਸ਼ੁਰੂ ਕੀਤਾ ਹੈ, ਜੇ ਸਰਕਾਰ ਸਾਡੀਆਂ ਇਹ ਮੰਗਾਂ ਨਹੀਂ ਮੰਨਦੀ ਤਾਂ ਅਸੀਂ ਮੋਰਚਾਹੋਰ ਤੇਜ਼ ਕਰਾਂਗੇ।

# ਰੈਗੂਲਰ ਟਰੈਵਲ ਤੇ ਪਬਲਿਕ ਹੈਲਥ ਮਾਪਦੰਡ ਇੱਕਠਿਆਂ ਨਹੀਂ ਚੱਲ ਸਕਦੇ : ਕੈਨੇਡੀਅਨ ਏਅਰਪੋਰਟ ਕਾਊਂਸਲ

ਪੰਨਾ 1 ਦਾ ਬਾਕੀ

ਕੈਨੇਡਾ ਦੇ ਸੱਭ ਤੋਂ ਵੱਡੇ ਏਅਰਪੋਰਟ, ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਉੱਤੇ ਹਾਲਾਤ ਹੋਰ ਵੀ ਮਾੜੇ ਹਨ। ਐਤਵਾਰ ਨੂੰ ਇਸ ਏਅਰਪੋਰਟ ਉੱਤੇ 120 ਫਲਾਈਟਸ ਉੱਤੇ ਯਾਤਰੀਆਂ ਨੂੰ ਜਹਾਜ਼ਾਂ ਉੱਤੇ ਹੀ ਰੱਖਿਆ ਗਿਆ ਤੇ ਉਹ ਕਸਟਮਜ਼ ਲਈ ਲਾਈਨ ਵਿੱਚ ਲੱਗਣ ਦੀ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ। ਪਾਸ਼ਰ ਨੇ ਆਖਿਆ ਕਿ ਕਈ ਵਾਰੀ ਇਹ ਉਡੀਕ 20 ਮਿੰਟ ਦੀ ਹੁੰਦੀ ਹੈ ਤੇ ਕਈ ਵਾਰੀ ਇੱਕ ਘੰਟੇ ਲਈ ਵੀ ਹੋ ਸਕਦੀ ਹੈ। ਉਨ੍ਹਾਂ ਆਖਿਆ ਕਿ ਏਅਰਪੋਰਟਸ ਇਸ ਤਰ੍ਹਾਂ ਦੀ ਕਸਟਮਜ਼ ਸਬੰਧੀ ਲੰਮੀ ਪ੍ਰਕਿਰਿਆ ਲਈ ਡਿਜ਼ਾਈਨ ਨਹੀਂ ਕੀਤੇ ਗਏ। ਐਨੇ ਲੋਕਾਂ ਨੂੰ ਸਾਂਭਣ ਲਈ ਏਅਰਪੋਰਟ ਦੀ ਥਾਂ ਬਣੀ ਹੀ ਨਹੀਂ ਹੁੰਦੀ। ਇਸ ਦੇ ਨਾਲ ਹੀ ਏਅਰਪੋਰਟ ਕੋਵਿਡ-19 ਦਾ ਟੈਸਟ ਕਰਨ ਲਈ ਕੋਈ ਸਹੀ ਥਾਂ ਨਹੀਂ ਹੈ।

ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਸਿਹਤ ਸਬੰਧੀ ਪ੍ਰੋਟੋਕਾਲਜ਼ ਤੇ ਟੈਸਟਿੰਗ ਦੇ ਚੱਲਦਿਆਂ ਐਨੇ ਦਬਾਅ ਤੇ ਸਿਸਟਮ ਦੇ ਗੜਬੜਾਏ ਬਿਨਾਂ ਰੈਗੂਲਰ ਟਰੈਵਲ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ। ਇਸ ਸਬੰਧ ਵਿੱਚ ਟਿੱਪਣੀ ਲਈ ਕੀਤੀ ਗਈ ਬੇਨਤੀ ਉੱਤੇ ਹੈਲਥ ਤੇ ਟਰਾਂਸਪੋਰਟੇਸ਼ਨ ਮੰਤਰੀ ਨੇ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ।

# ਪ੍ਰਿੰਸ ਚਾਰਲਸ ਤੇ ਕੈਮਿਲਾ ਨੇ ਕੀਤੀ ਕੈਨੇਡਾ ਦੇ ਤਿੰਨ ਰੋਜ਼ਾ ਦੌਰੇ ਦੀ ਸ਼ੁਰੂਆਤ



ਸੇਂਟ ਜੋਨਜ਼, 17 ਮਈ (ਪੋਸਟ ਬਿਊਰੋ) : ਪ੍ਰਿੰਸ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ ਵੱਲੋਂ ਅੱਜ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੀ ਰਾਜਧਾਨੀ ਸੇਂਟ ਜੋਨਜ਼ ਤੋਂ ਆਪਣੇ ਤਿੰਨ ਰੋਜ਼ਾ ਕੈਨੇਡੀਅਨ ਦੌਰੇ ਦੀ ਸ਼ੁਰੂਆਤ ਕੀਤੀ ਗਈ। ਇਸ ਸ਼ਾਹੀ ਜੋੜੇ ਵੱਲੋਂ ਇੰਡੀਜੀਨਸ ਲੋਕਾਂ ਨਾਲ ਸੁਲ੍ਹਾ ਤੇ ਕਲਾਈਮੇਟ ਚੇਂਜ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਦੌਰਾ ਕੀਤਾ ਜਾ ਰਿਹਾ ਹੈ।

ਇਹ ਸ਼ਾਹੀ ਜੋੜਾ ਪ੍ਰੋਵਿੰਸ਼ੀਅਲ ਵਿਧਾਨਸਭਾ ਦਾ ਦੌਰਾ ਵੀ ਕਰੇਗਾ ਜਿੱਥੇ ਉਨ੍ਹਾਂ ਦਾ ਸਵਾਗਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਜਾਵੇਗਾ। ਫਿਰ ਇਹ ਸ਼ਾਹੀ ਜੋੜਾ ਲੈਫਟੀਨੈਂਟ ਗਵਰਨਰ ਜੂਡੀ ਫੂਟ, ਜੋ ਕਿ ਪ੍ਰੋਵਿੰਸ ਵਿੱਚ ਕੁਈਨ ਦੀ ਨੁਮਾਇੰਦਾ ਹੈ, ਦੀ ਸਰਕਾਰੀ ਰਿਹਾਇਸ਼ ਗਵਰਮੈਂਟ ਹਾਊਸ ਜਾਵੇਗਾ। ਉੱਥੇ ਪ੍ਰਿੰਸ ਚਾਰਲਸ ਤੇ ਕੈਮਿਲਾ ਹਾਰਟ ਗਾਰਡਨ ਵਿੱਚ ਮੂਲਵਾਸੀ ਆਗੂਆਂ ਨਾਲ ਸੁਲ੍ਹਾ ਸਬੰਧੀ ਪ੍ਰੇਅਰ ਵਿੱਚ ਹਿੱਸਾ ਲੈਣਗੇ। ਇਹ ਹਾਰਟ ਗਾਰਡਨ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਹਿੱਸਾ ਲੈਣ ਵਾਲੇ ਪ੍ਰੋਵਿੰਸ ਦੇ ਇੰਡੀਜੀਨਸ ਬੱਚਿਆਂ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਪ੍ਰੋਵਿੰਸ ਦੇ ਪੰਜ ਵਿੱਚੋਂ ਚਾਰ ਇੰਡੀਜੀਨਸ ਗਰੁੱਪ ਦੇ ਆਗੂ ਇੱਥੇ ਮੌਜੂਦ ਰਹਿਣਗੇ।ਇਸ ਤੋਂ ਬਾਅਦ ਚਾਰਲਸ ਤੇ ਕੈਮਿਲਾ ਕਿਡੀ ਵਿਡੀ ਦਾ ਦੌਰਾ ਕਰਨਗੇ, ਫਿਰ ਓਟਵਾ ਜਾਣਗੇ ਤੇ ਅਖੀਰ ਵਿੱਚ ਨੌਰਥਵੈਸਟ ਟੈਰੇਟਰੀਜ਼ ਵੱਲ ਰਵਾਨਾ ਹੋਣਗੇ। ਸ਼ਾਹੀ ਜੋੜੇ ਦਾ ਸਵਾਗਤ ਕਰਨ ਤੋਂ ਪਹਿਲਾਂ ਟਰੂਡੋ ਤੇ ਪ੍ਰੀਮੀਅਰ ਐਂਡਰੀਓ ਫੂਰੇ ਲੋਕਲ ਚਾਈਲਡ ਕੇਅਰ ਫੈਸਿਲਿਟੀ ਦਾ ਦੌਰਾ ਕਰਨਗੇ।

# ਪ੍ਰੋਗਰਾਮਾਂ ਵਿੱਚ ਪ੍ਰਸਤਾਵਿਤ ਤਬਦੀਲੀਆਂ ਖਿਲਾਫ ਵਿਦਿਆਰਥੀਆਂ ਨੇ ਕੀਤਾ ਮੁਜ਼ਾਹਰਾ

ਪੰਨਾ 1 ਦਾ ਬਾਕੀ

ਅਰਲ ਹੇਗ ਸੈਕੰਡਰੀ ਸਕੂਲ ਦੇ ਕਲਾਡ ਵਾਟਸਨ ਆਰਟਸ ਪ੍ਰੋਗਰਾਮ ਵਿੱਚ ਗ੍ਰੇਡ 11 ਵਿੱਚ ਫਿਲਮ ਮੇਜਰ ਕਰ ਰਹੇ ਜੇਮਜ਼ ਨੈਚਲ ਦਾ ਕਹਿਣਾ ਹੈ ਕਿ ਟੀਡੀਐਸਬੀ ਵੱਲੋਂ ਸਪੈਸ਼ਲਾਈਜ਼ਡ ਆਰਟਸ ਪ੍ਰੋਗਰਾਮਾਂ ਦੀ ਓਵਰਹਾਲਿੰਗ ਇਨ੍ਹਾਂ ਨੂੰ ਵਧੇਰੇ ਨਿਆਂ ਸੰਗਤ ਬਣਾਉਣ ਲਈ ਕੀਤੀ ਜਾ ਰਹੀ ਹੈ ਪਰ ਹਕੀਕਤ ਵਿੱਚ ਉਹ ਸਿੱਖਿਆ ਦੇ ਮਿਆਰ ਨੂੰ ਖਰਾਬ ਕਰ ਦੇਣਗੇ।

ਪ੍ਰਸਤਾਵਿਤ ਤਬਦੀਲੀਆਂ ਵਿੱਚ ਇਹ ਸ਼ਾਮਲ ਹੈ ਕਿ ਦਾਖਲੇ ਲਈ ਵਿਦਿਆਰਥੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਵੇਗਾ, ਆਡੀਸ਼ਨਜ਼ ਖ਼ਤਮ ਕਰ ਦਿੱਤੇ ਜਾਣਗੇ ਤੇ ਸਗੋਂ ਵਿਦਿਆਰਥੀ ਦੀ ਸਟੱਡੀ ਦੇ ਫੀਲਡ ਵਿੱਚ ਦਿਲਚਸਪੀ ਜਾਂ ਜਨੂੰਨ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪ੍ਰੋਗਰਾਮਾਂ ਵਿੱਚ ਵੀ ਤਬਦੀਲੀ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।ਇਸ ਵਿੱਚ ਵਧੇਰੇ ਜਨਰਲ ਪਹੁੰਚ ਆਰਟਸ ਐਜੁਕੇਸ਼ਨ ਲਈ ਅਪਨਾਈ ਗਈ ਹੈ ਜਿੱਥੇ ਵਿਦਿਆਰਥੀ ਪਹਿਲਾਂ ਪ੍ਰੋਗਰਾਮ ਵਿੱਚ ਦਾਖਲ ਹੁੰਦੇ ਹਨ ਤੇ ਫਿਰ ਜਿੱਥੇ ਉਹ ਅਪਲਾਈ ਕਰ ਸਕਦੇ ਹਨ ਉਹ ਤਬਦੀਲੀਆਂ।ਨੈਚਲ ਨੇ ਆਖਿਆ ਕਿ ਤੁਸੀਂ ਆਪਣੇ ਏਰੀਆ ਦੇ ਇੱਕ ਸਕੂਲ ਵਿੱਚ ਹੀ ਅਪਲਾਈ ਕਰ ਸਕਦੇ ਹੋਂ। ਜੇ ਤੁਹਾਡੇ ਏਰੀਆ ਵਿੱਚ ਸਕੂਲ ਹੈ ਤਾਂ ਤੁਸੀਂ ਕਿਤੇ ਹੋਰ ਜਾ ਕੇ ਅਪਲਾਈ ਨਹੀਂ ਕਰ ਸਕਦੇ। ਉਨ੍ਹਾਂ ਆਖਿਆ ਕਿ ਇਹ ਤਾਂ ਲੋਕਾਂ ਨੂੰ ਇੱਕ ਏਰੀਆ ਵਿੱਚ ਬੰਨ੍ਹ ਕੇ ਰੱਖਣ ਵਾਲੀ ਗੱਲ ਹੈ।

ਸੋਮਵਾਰ ਦੁਪਹਿਰ ਨੂੰ ਸੈਂਕੜੇ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਕਲਾਸਾਂ ਛੱਡ ਕੇ ਯੰਗ ਸਟਰੀਟ ਉੱਤੇ ਮੌਜੂਦ ਟੀਡੀਐਸਬੀ ਦੇ ਹੈੱਡ ਆਫਿਸ ਦੇ ਬਾਹਰ ਮੁਜ਼ਾਹਰਾ ਕੀਤਾ। ਵਿਦਿਆਰਥੀ ਬੋਰਡ ਨੂੰ ਇਨ੍ਹਾਂ ਤਬਦੀਲੀਆਂ ਉੱਤੇ ਮੁੜ ਵਿਚਾਰ ਕਰਨ ਦੀ ਮੰਗ ਕਰ ਰਹੇ ਸਨ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011






ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਕਾਂਗਰਸ ਵਿੱਚ ਜਾਖੜ ਤੋਂ ਬਾਅਦ ਮਨਪ੍ਰੀਤ ਬਾਦਲ ਧੜੇ ਦਾ ਵੜਿੰਗ ਦੇ ਖਿਲਾਫ ਮੋਰਚਾ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨਸੁਨੀਲ ਜਾਖੜ ਵੱਲੋਂ ਪਾਰਟੀ ਛੱਡ ਜਾਣ ਦੇ ਬਾਅਦ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਧੜਾ ਭੜਕ ਪਿਆ ਹੈ। ਮਨਪ੍ਰੀਤ ਸਿੰਘ ਬਾਦਲ ਦੇ ਸਾਲੇ ਜੈਜੀਤ ਸਿੰਘ ਜੌਹਲ ਨੇ ਰਾਜਾ ਵੜਿੰਗ ਨੂੰ ਪ੍ਰਧਾਨ ਬਣਾਏ ਜਾਣ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਜੈਜੀਤ ਸਿੰਘ ਜੌਹਲ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਅਮਰਿੰਦਰ ਸਿੰਘ ਰਾਜਾ ਵੜਿੰਗ ਸਟੇਜਤੋਂ ਕਹਿੰਦੇ ਰਹੇ ਕਿ ਬਠਿੰਡਾ ਤੋਂ ਜਲਾਲਾਬਾਦ ਤੱਕ ਬਾਦਲਾਂ ਨੂੰ ਹਰਾਓ।ਉਨ੍ਹਾਂ ਕਿਹਾ ਕਿ ਰਾਜਾ ਵੜਿੰਗ ਆਖਦੇ ਸਨ ਕਿ ਮਨਪ੍ਰੀਤ ਸਿਮਘ ਬਾਦਲ ਵੀ ਹਰਾਇਆ ਜਾਵੇ। ਇਸ ਤੋਂ ਬਿਨਾ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਇੱਕ ਆਡੀਓ ਵਾਇਰਲ ਹੋਈ, ਜਿਸ ਵਿੱਚ ਉਹ ਆਖਦੇ ਸਨ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਹਰਾਓ। ਜੈਜੀਤ ਜੌਹਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੇ ਪੰਜੇ ਦੇ ਚੋਣ ਨਿਸ਼ਾਨਵਾਲੇ ਉਮੀਦਵਾਰ ਸਨ, ਜੇ ਤੁਸੀਂ ਆਪਣੇ ਉਮੀਦਵਾਰ ਨੂੰ ਚੋਣਾਂ ਵਿੱਚ ਹਰਾਉਣ ਦੀ ਗੱਲ ਕਰਦੇ ਤੇ ਏਦਾਂ ਦੇ ਬਿਆਨ ਦੇਣ ਵਾਲੇ ਨੂੰ ਵੱਡੇ ਅਹੁਦੇ ਨਾਲ ਨਿਵਾਜਦੇ ਹੋ ਤਾਂ ਵਰਕਰਾਂ ਵਿੱ-ਚਗ਼ਲਤ ਸੰਦੇਸ਼ ਜਾਂਦਾ ਹੈ ਕਿ ਸੁਨੀਲ ਜਾਖੜ ਨੂੰ ਕਿਉਂ ਨੋਟਿਸ ਭੇਜਿਆ, ਨਵਜੋਤ ਸਿੰਘ ਸਿੱਧੂ ਵੀ ਸਹੀ ਸੀ, ਜੇ ਏਦਾਂ ਹੈ ਤਾਂ ਵਰਕਰਾਂ ਨੂੰ ਵੀ ਖੁੱਲ੍ਹਦਿਓ ਕਿ ਉਹ ਜਿਸ ਦੇ ਖਿਲਾਫ ਮਰਜ਼ੀ ਬੋਲਣ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਨ ਨੂੰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਰਤ ਭੂਸ਼ਣ ਆਸ਼ੂ ਨੂੰ ਪੁੱਛਣਾ ਚਾਹੀਦਾ ਸੀ ਕਿ ਉਨ੍ਹਾਂ ਨੇ ਕਾਂਗਰਸ ਉਮੀਦਵਾਰ ਦੇ ਖਿਲਾਫ ਬਿਆਨ ਕਿਉਂ ਦਿੱਤੇ, ਜਦਕਿ ਮਨਪ੍ਰੀਤ ਸਿੰਘ ਬਾਦਲ ਨੇ ਕਿਸੇਦੇ ਖਿਲਾਫ ਕੋਈ ਬਿਆਨ ਨਹੀਂ ਦਿੱਤਾ।



ਇਸ ਦੌਰਾਨ ਅੱਜ ਬਠਿੰਡਾ ਵਿੱਚਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸਮਰੱਥਕ ਕਾਂਗਰਸ ਦਫ਼ਤਰ ਵਿੱਚ ਸਥਾਨਕ ਮੀਟਿੰਗ ਦੌਰਾਨ ਆਪਸ ਵਿੱਚ ਭਿੜ ਗਏ।ਅਸਲ ਵਿੱਚਅੱਜ ਰਾਜਸਥਾਨ ਤੋਂ ਕਾਂਗਰਸ ਪ੍ਰਤੀਨਿਧ ਬਠਿੰਡਾ ਆਏ, ਜਿਨ੍ਹਾਂ ਵਿੱਚ ਬਠਿੰਡਾ ਦੇ ਕਈਆਗੂਵੀ ਸਨ।ਜਦੋਂ ਮੀਟਿੰਗ ਵਿੱਚਪਾਰਟੀ ਪ੍ਰਤੀਨਿਧ ਨੇ ਬੋਲਣਾ ਸ਼ੁਰੂ ਕੀਤਾ ਤਾਂ ਰਾਜਾ ਵੜਿੰਗ ਤੇ ਮਨਪ੍ਰੀਤ ਬਾਦਲ ਦੇ ਸਮੱਰਥਕ ਆਪੋਵਿੱਚ ਉਲਝ ਗਏ। ਲੋਕਲ ਲੀਡਰਾਂ ਦਾ ਕਹਿਣਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਵਲੋਂ ਸੀਨੀਅਰ ਡਿਪਟੀ ਮੇਅਰ ਕਾਂਗਰਸੀ ਆਗੂ ਕਹਿੰਦੇਸਨ ਕਿਉਹ ਨਹੀਂ ਮੰਨਦੇ ਕਿ ਚੋਣ ਪ੍ਰਕਿਰਿਆ ਕਾਂਗਰਸ ਨੇ ਚਲਾਈ ਹੈ। ਦੂਸਰੇ ਪਾਸੇ ਬਠਿੰਡਾ ਜ਼ਿਲਾ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਰਾਜਾ ਵੜਿੰਗ ਨੂੰ ਬਠਿੰਡਾ ਲੀਡਰਸ਼ਿਪ ਤੋਂ ਨਹੀਂ, ਸਗੋਂ ਮਨਪ੍ਰੀਤ ਸਿੰਘ ਬਾਦਲ ਦੇ ਰਿਸ਼ਤੇਦਾਰ ਤੋਂ ਸਵਾਲ ਕੀਤੇ ਸਨ, ਜਿਸ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ।

# ਮੋਹਾਲੀ ਧਰਨੇ ਬਾਰੇ ਮਾਨ ਨੇ ਕਿਹਾ: ਧਰਨਾ ਦੇਣਾ ਕਿਸਾਨਾਂ ਦਾ ਜਮਹੂਰੀ ਹੱਕ, ਪਰ ਵਾਤਾਵਰਣ ਨੂੰ ਬਚਾਉਣ ਲਈ ਸਹਿਯੋਗ ਵੀ ਕਰਨ

## * ਮੇਰੇ ਚਾਚੇ-ਤਾਇਆਂ ਵਰਗੇ ਹਨ, ਗੱਲਬਾਤ ਕਰਨ ਨੂੰ ਤਿਆਰ ਹਾਂ : ਮਾਨ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂਦਿੱਲੀ ਤੋਂ ਚੰਡੀਗੜ੍ਹ ਪਰਤਦੇ ਸਾਰ ਮੋਹਾਲੀ ਵਿੱਚ ਧਰਨਾ ਦੇਂਦੇ ਕਿਸਾਨਾਂ ਬਾਰੇ ਬਿਆਨ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾਕਿ ਗੱਲਬਾਤ ਦਾ ਦੌਰ ਹਮੇਸ਼ਾ ਖੁੱਲ੍ਹਾ ਹੈ, ਕਿਸਾਨਾਂ ਨੂੰ ਧਰਨਾ ਦੇਣ ਦਾ ਲੋਕਤੰਤਰੀ ਹੱਕ ਹੈ, ਪਰ ਉਹ ਮੈਨੂੰ ਆਪਣੇ ਮੁੱਦੇ ਦੱਸ ਦੇਣ। ਉਨ੍ਹਾਂ ਕਿਹਾ ਕਿ ਮੈਂ ਕੁਦਰਤ ਪ੍ਰੇਮੀ ਹੋਣ ਕਰ ਕੇ ਵਾਤਾਵਰਣ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਕਿਸਾਨਮੁੱਦਿਆਂ ਬਾਰੇ ਸਰਕਾਰ ਨੇਅੱਜ ਵੀ ਗੱਲਬਾਤ ਕੀਤੀ ਹੈ, ਮੈਂਬੈਠਣ ਨੂੰ ਤਿਆਰ ਹਾਂ, ਪਰ ਮਿਲਣ ਦਾ ਢੰਗ ਮੁਰਦਾਬਾਦ ਹੀ ਨਹੀਂ ਹੋਣਾ ਚਾਹੀਦਾ, ਮੈਂ ਤਾਂ ਪਹਿਲਾਂ ਵੀ ਉਨ੍ਹਾਂ ਨੂੰ ਬੈਠਕ ਲਈ ਸੱਦਦਾ ਰਿਹਾ ਹਾਂ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਖੁਦ ਕਿਸਾਨ ਦਾ ਪੁੱਤਰ ਹੈ, ਝੋਨੇ ਦੀ ਬਿਜਾਈ ਲਈ 10 ਅਤੇ 18 ਜੂਨ ਵਿੱਚ ਕੋਈ ਫਰਕ ਨਹੀਂ। ਉਨ੍ਹਾ ਕਿਹਾ ਕਿ ਜਦੋਂ ਮੈਂ ਕਿਹਾ ਹੈ ਕਿ ਮੂੰਗੀ ਤੇ ਬਾਸਮਤੀ ਜਿੰਨੀ ਮਰਜ਼ੀ ਸਿੱਲ੍ਹ ਵਾਲੀ ਲੈ ਆਉਣ,ਐੱਮ ਐੱਸ ਪੀ (ਘੱਟੋ-ਘੱਟ ਖਰੀਦ ਮੁੱਲ) ਉੱਤੇ ਚੁੱਕਾਂਗੇ, ਪਰ ਉਨ੍ਹਾਂ ਨੂੰ ਧਰਤੀ



ਬਚਾਉਣ ਦਾ ਇੱਕ ਤਜਰਬਾ ਕਰ ਕੇ ਦੇਖਣਾ ਚਾਹੀਦਾ ਹੈ, ਹਰ ਗੱਲ ਦਾ ਮੁੱਢ ਮੁਰਦਾਬਾਦ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਿੱਧੀ ਬਿਜਾਈ ਲਈ ਐੱਨ ਆਰ ਆਈਜ਼ ਨੇ ਬਹੁਤ ਸਾਰੇ ਪੈਸੇ ਦਿੱਤੇ ਅਤੇ ਠੇਕਾ ਵੀ ਘੱਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਇੱਕ ਜਗ੍ਹਾ ਨਾੜ ਨੂੰ ਅੱਗ ਲੱਗੀ ਅਤੇ 10 ਬੱਚੇ ਖੁਸ਼ਕਿਸਮਤੀ ਨਾਲ ਹੀ ਬਚ ਗਏ, ਪਰ ਇਸ ਹਾਦਸੇ ਦਾ ਡਰ ਉਨ੍ਹਾਂ ਨੂੰ ਸਾਰੀ ਉਮਰ ਸਤਾਵੇਗਾ। ਡੇਰਾਬੱਸੀ ਵਿੱਚ ਝੁੱਗੀਆਂ ਦੀ ਅੱਗ ਨਾਲ ਇੱਕ ਬੱਚੀ ਮਰ ਗਈ, ਉਸ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਮੈਂ ਕਿਸਾਨਾਂ ਨੂੰ ਕਹਿੰਦਾ ਹਾਂ ਕਿ ਮੈਨੂੰ ਸਹਿਯੋਗ ਦੇਣ, ਕਿਉਂਕਿ ਕਿਸਾਨ ਮੇਰੇ ਚਾਚਿਆਂ ਤੇ ਤਾਇਆਂ ਵਰਗੇ ਹਨ। ਮਾਨ ਨੇ ਕਿਹਾ ਕਿ ਮੇਰਾ ਕਿਹੜਾ ਪਾਣੀ ਦਾ ਪੇਟੈਂਟ ਰਾਈਟ ਹੈ ਤੇ ਮੈਂ ਕਿਹੜਾ ਪਾਣੀ ਬਚਾਅ ਕੇ ਕਿਸੇ ਕੰਪਨੀ ਨੂੰ ਵੇਚਣਾ ਹੈ। ਉਨ੍ਹਾਂ ਕਿਹਾ ਕਿ ਮੇਰਾ ਕਿਹੜਾ ਹਵਾ ਦਾ ਪੇਟੈਂਟ ਹੱਕ ਹੈ, ਤੁਹਾਨੂੰ ਮੇਰਾ ਇਸ ਸਾਲ ਸਾਥ ਦੇ ਕੇ ਦੇਖਣਾ ਚਾਹੀਦਾ ਹੈ ਤੇ ਜੇ ਘਾਟਾ ਪਿਆ ਤਾਂ ਮੈਂ ਸਰਕਾਰ ਵੱਲੋਂ ਸਾਰੇ ਘਾਟੇ ਪੂਰੇ ਕਰ ਦੇਵਾਂਗਾ।

# ਗਿਆਨਵਾਪੀ ਮਸਜਿਦ ਮਾਮਲਾ: ਸੁਪਰੀਮ ਕੋਰਟ ਨੇ ਹੇਠਲੀ ਅਦਾਲਤ ਵਿੱਚ ਸੁਣਵਾਈ ਰੋਕਣ ਦੀ ਮੰਗ ਠੁਕਰਾਈ

## * ਸ਼ਿਵਲਿੰਗ ਵਾਲੀ ਥਾਂ ਸੁਰੱਖਿਅਤ ਰੱਖਣ ਲਈ ਕਿਹਾ * ਨਮਾਜ਼ ਵਿੱਚ ਕੋਈ ਰੁਕਾਵਟ ਨਾ ਆਏ: ਸੁਪਰੀਮ ਕੋਰਟ

ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਵਾਰਾਣਸੀ ਵਿਚਲੀ ਗਿਆਨਵਾਪੀ ਕੰਪਲੈਕਸ ਵਿੱਚ ਮਿਲੇ ਸ਼ਿਵਲਿੰਗ ਦੀ ਥਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈਜ਼ਿਲ੍ਹਾ ਮੈਜਿਸਟਰੇਟ ਨੂੰ ਆਦੇਸ਼ ਦਿੱਤਾ, ਪਰ ਨਾਲ ਕਿਹਾ ਹੈ ਕਿ ਮੁਸਲਮਾਨਾਂ ਦੇ ਮਸਜਿਦ ਵਿੱਚ ਜਾ ਕੇ ਨਮਾਜ਼ ਪੜ੍ਹਨ ਵਿੱਚ ਰੁਕਾਵਟ ਨਹੀਂ ਚਾਹੀਦੀ। ਸੁਪਰੀਮ ਕੋਰਟ ਨੇ ਹੇਠਲੀ ਕੋਰਟ ਵਿੱਚ ਸੁਣਵਾਈ ਉੱਤੇ ਰੋਕ ਲਾਉਣ ਦੀ ਮਸਜਿਦ ਕਮੇਟੀ ਦੀ ਮੰਗ ਠੁਕਰਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਮਸਜਿਦ ਕਮੇਟੀ ਨੇ ਇਲਾਹਾਬਾਦ ਹਾਈ ਕੋਰਟ ਦੇ 21 ਅਪਰੈਲ ਦੇ ਹੁਕਮ ਨੂੰ ਵਿਸ਼ੇਸ਼ ਲੀਵ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਗਿਆਨਵਾਪੀ ਕੰਪਲੈਕਸ ਵਿੱਚ ਸਰਵੇ ਕਰਨ ਦੇ ਸਿਵਲ ਜੱਜ ਦੇ ਆਦੇਸ਼ਨੂੰ ਰੋਕਣ ਦੀ ਮਸਜਿਦ ਕਮੇਟੀ ਦੀ ਮੰਗ ਰੱਦ ਕਰ ਦਿੱਤੀ ਸੀ। ਇਸ ਪਿੱਛੋਂ ਬੀਤੇ ਸੋਮਵਾਰ ਨੂੰ ਸਰਵੇ ਹੁੰਦੇ ਤੋਂ ਗਿਆਨਵਾਪੀ ਕੰਪਲੈਕਸ ਦੇ ਹੌਜ਼ ਵਿੱਚ ਸ਼ਿਵਲਿੰਗ ਮਿਲਣ ਉੱਤੇਮਸਜਿਦ ਕਮੇਟੀ ਨੇ ਉਸ ਥਾਂ ਨੂੰ ਸੀਲ ਕਰਨ ਅਤੇ ਸੁਰੱਖਿਅਤ ਕਰਨ ਦੇ ਸਿਵਲ ਜੱਜ ਦੇ ਆਦੇਸ਼ ਦੇ ਖ਼ਿਲਾਫ਼ ਅਰਜ਼ੀ ਦਿੱਤੀ ਤੇ ਉਸ ਹੁਕਮ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਅੱਜ ਸੁਪਰੀਮ ਕੋਰਟ ਦੇ ਜਸਟਿਸ ਡੀਵਾਈ ਚੰਦਰਚੂੜ ਅਤੇ ਜਸਟਿਸ ਪੀਐੱਸ ਨਰਸਿਮ੍ਹਾ ਦੇ ਬੈਂਚ ਨੇ ਅੰਜੁਮਨ ਇੰਤਜ਼ਾਮੀਆ ਮਸਜਿਦ (ਗਿਆਨਵਾਪੀ ਮਸਜਿਦ ਮੈਨੇਜਮੈਂਟ ਕਮੇਟੀ) ਦੀ ਪਟੀਸ਼ਨ ਉੱਤੇ ਸੁਣਵਾਈ ਪਿੱਛੋਂ ਨਵੇਂ ਆਦੇਸ਼ ਦਿੱਤੇ ਅਤੇ ਨਾਲ ਮਸਜਿਦ ਕਮੇਟੀ ਦੀ ਪਟੀਸ਼ਨ ਉੱਤੇ ਮੰਦਰ ਪੱਖ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਮੌਕੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਆਏ ਸਾਲਿਸਟਰ ਜਨਰਲ (ਐੱਸਜੀ) ਤੁਸ਼ਾਰ ਮਹਿਤਾ ਨੂੰ ਕਿਹਾ ਕਿ ਇਸ ਦੀ ਸੁਣਵਾਈ ਵਿੱਚ ਉਹ ਰਾਜ ਸਰਕਾਰ ਦੀ ਮਦਦ ਵੀ ਚਾਹੁੰਦੇ ਹਨ।ਸੁਪਰੀਮ ਕੋਰਟ ਨੇ ਅੰਤਰਿਮ ਆਦੇਸ਼ ਦਿੰਦੇ ਹੋਏ ਇਹਕੇਸ ਏਸੇ ਵੀਰਵਾਰ ਨੂੰ ਮੁੜ ਕੇ ਸੁਣਵਾਈ ਉੱਤੇ ਲਾਉਣ ਦਾ ਆਦੇਸ਼ ਦਿੱਤਾ ਹੈ।

ਪਿਛਲੇ ਮੰਗਲਵਾਰ ਮਸਜਿਦ ਕਮੇਟੀ ਵੱਲੋਂ ਪੇਸ਼ ਸੀਨੀਅਰ ਵਕੀਲ ਹੁਜੈਫਾ ਅਹਿਮਦੀ ਨੇ ਹਾਈ ਕੋਰਟ ਦੇ ਹੁਕਮ ਦਾ ਵਿਰੋਧ ਕਰਦੇ ਹੋਏ ਜਦੋਂ ਮੰਦਰ ਪੱਖ ਦੇ ਹੇਠਲੀ ਅਦਾਲਤ ਵਿੱਚਪੇਸ਼ ਮੁੱਢਲੀ ਪਟੀਸ਼ਨ ਦੇ ਵਿਰੁੱਧ ਦਲੀਲਾਂ ਦੇਣੀਆਂ ਸ਼ੁਰੂ ਕੀਤੀਆਂ ਤਾਂ ਜਸਟਿਸ ਚੰਦਰਚੂੜ ਨੇ ਪਟੀਸ਼ਨ ਦੇਖ ਕੇ ਕਿਹਾ ਕਿ ਕੇਸ ਮਾਲਿਕੀ ਹੱਕ ਮੰਗਣ ਦਾ ਨਹੀਂ, ਇਸ ਵਿੱਚ ਸਿਰਫ਼ ਪੂਜਾ ਅਰਚਨਾ ਦਾ ਹੱਕ ਮੰਗਿਆ ਹੈ। ਅਹਿਮਦੀ ਨੇ ਕਿਹਾ ਕਿ ਕੇਸਪੂਜਾ ਦੇ ਅਧਿਕਾਰਬਾਰੇ ਹੈ, ਪਰ ਉਸ ਵਿਚ ਪੂਜਾ



ਦਰਸ਼ਨ ਦੇ ਨਾਲ ਹੋਰ ਵੀ ਚੀਜ਼ਾਂ ਐਲਾਨਣ ਦੀ ਮੰਗ ਹੈ। ਬਿਨਾਂ ਰੁਕਾਵਟ ਪੂਜਾਉੱਤੇ ਪੱਕੀ ਰੋਕ ਵੀ ਮੰਗੀ ਗਈ ਹੈ। ਮੰਦਰ ਪੱਖ ਦੇ ਮੁੱਢਲੇਕੇਸਦੀ ਮੰਗ ਨਾਲ ਉਸ ਥਾਂ ਦੀ ਪ੍ਰਕ੍ਰਿਤੀ ਬਦਲ ਜਾਵੇਗੀ, ਜਿੱਥੇ ਮਸਜਿਦ ਹੈ। ਅਹਿਮਦੀ ਨੇ ਪੂਜਾ ਅਸਥਾਨ ਕਾਨੂੰਨ 1991 ਦੇ ਹਵਾਲੇ ਨਾਲ ਕਿਹਾ ਕਿ ਇਸ ਕਾਨੂੰਨ ਮੁਤਾਬਕ ਮੂਲ ਕੇਸ ਸੁਣਵਾਈ ਯੋਗ ਨਹੀਂ। ਜਸਟਿਸ ਚੰਦਰਚੂੜ ਨੇ ਕਿਹਾ ਕਿ ਇਹੀ ਅਰਜ਼ੀ ਤੁਸੀਂ ਸੀਪੀਸੀ (ਸਿਵਲ ਪ੍ਰੋਸੀਜਰ ਕੋਡ) ਤਹਿਤ ਪੇਸ਼ ਕੀਤੀ ਹੈ। ਅਹਿਮਦੀ ਨੇ ਕਿਹਾ ਕਿ ਸਿਵਲ ਜੱਜ ਨੇ ਸਾਡੀ ਅਰਜ਼ੀ ਉੱਤੇ ਪਹਿਲਾਂ ਸੁਣਵਾਈ ਨਹੀਂ ਕੀਤੀ ਤੇ ਮੰਦਰ ਪੱਖ ਦੀ ਮੰਗ ਮੰਨ ਕੇ ਮਸਜਿਦ ਕੰਪਲੈਕਸਦੇ ਸਰਵੇ ਦਾ ਆਦੇਸ਼ ਦੇ ਦਿੱਤਾ। ਇਹੀ ਨਹੀਂ, ਸਰਵੇ ਲਈ ਜਿਸ ਵਿਅਕਤੀ ਨੂੰ ਮੰਦਰ ਪੱਖ ਨੇ ਕਮਿਸ਼ਨਰ ਨਿਯੁਕਤ ਕਰਨ ਦੀ ਮੰਗ ਕੀਤੀ, ਉਸੇ ਨੂੰ ਕਮਿਸ਼ਨਰ ਨਿਯੁਕਤ ਕਰ ਦਿੱਤਾ। ਅਹਿਮਦੀ ਨੇ ਕਿਹਾ ਕਿ ਇਨ੍ਹਾਂ ਸਭਗੱਲਾਂਦਾ ਇਤਰਾਜ਼ ਚੁੱਕਣ ਵਾਲੀ ਸਾਡੀ ਪਟੀਸ਼ਨ ਹਾਈ ਕੋਰਟ ਨੇ ਰੱਦ ਕਰ ਕੇ ਕਿਹਾ ਕਿ ਕਮਿਸ਼ਨਰ ਨਿਯੁਕਤ ਕਰਨ ਦਾ ਆਦੇਸ਼ ਸਾਡੇ ਅਧਿਕਾਰ ਦੇ ਬਾਹਰ ਤੇ ਗ਼ੈਰ-ਕਾਨੂੰਨੀ ਨਹੀਂ ਤੇ ਨਾ ਇਸ ਦਾ ਕੋਈ ਨੁਕਸਾਨ ਹੈ। ਹਾਈ ਕੋਰਟ ਨੇ ਕਿਹਾ ਕਿ ਸਾਡੀ ਅਰਜ਼ੀ ਉੱਤੇ ਕਿਸੇ ਵੀ ਸਮੇਂ ਸੁਣਵਾਈ ਹੋ ਸਕਦੀ ਹੈ, ਪਰ ਬਾਅਦ ਵਿੱਚ ਕਮਿਸ਼ਨ ਨੇ ਸ਼ਨਿਚਰਵਾਰ ਤੇ ਐਤਵਾਰ ਸਰਵੇ ਕਰ ਲਿਆ। ਕਮਿਸ਼ਨਰ ਨੇ ਹਾਲੇ ਕੋਰਟ ਵਿੱਚ ਰਿਪੋਰਟ ਪੇਸ਼ ਨਹੀਂ ਕੀਤੀ, ਪਰ ਸਰਵੇ ਦੌਰਾਨ ਮੰਦਰ ਪੱਖ ਨੇ ਸ਼ਿਵਲਿੰਗ ਮਿਲਣ ਦੀ ਗੱਲ ਕਹਿ ਕੇ ਕੋਰਟ ਵਿੱਚ ਉਸ ਦੀ ਸੁਰੱਖਿਆ ਦੀ ਅਰਜ਼ੀਦੇ ਦਿੱਤੀ ਅਤੇ ਕੋਰਟ ਨੇ ਕਮਿਸ਼ਨਰ ਦੀ ਰਿਪੋਰਟ ਆਏ ਬਗੈਰ ਹੀ ਉਸੇ ਸਮੇਂ ਇਕਪਾਸੜ ਸੁਣਵਾਈ ਵਿੱਚ ਉਸ ਥਾਂ ਨੂੰ ਸੀਲ ਕਰ ਕੇ ਸੁਰੱਖਿਅਤ ਰੱਖਣ ਦਾ ਆਦੇਸ਼ ਦੇ ਦਿੱਤਾ ਹੈਅਤੇ ਨਮਾਜ਼ ਪੜ੍ਹਨ ਦੀ ਇਜਾਜ਼ਤਸਿਰਫ਼ 20 ਲੋਕਾਂ ਨੂੰ ਦਿੱਤੀ ਗਈ ਹੈ।
















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਕੂਲੀ ਕਿਤਾਬਾਂ ਵਿੱਚੋਂ ਸ਼ਹੀਦ ਭਗਤ ਸਿੰਘ ਦਾ ਨਾਂ ਹਟਾਏ ਜਾਣ ਉੱਤੇ ਕੇਜਰੀਵਾਲ ਵੱਲੋਂ ਤਿੱਖਾ ਵਿਰੋਧ

ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਕਰਨਾਟਕ ਵਿੱਚ 10ਵੀਂ ਜਮਾਤ ਦੇ ਸਕੂਲੀ ਸਿਲੇਬਸ ਵਿੱਚ ਆਰਐੱਸਐੱਸ ਦੇ ਫਾਊਂਡਰ ਡਾ. ਹੈਡਗੇਵਾਰ ਦਾ ਭਾਸ਼ਣ ਸ਼ਾਮਲ ਕਰਨਦਾ ਵਿਵਾਦ ਵੱਧ ਗਿਆ ਹੈ। ਕਈ ਸੰਗਠਨਾਂ ਨੇ ਇਸ ਉੱਤੇ ਇਤਰਾਜ਼ ਕੀਤਾ ਹੈ। ਆਲ ਇੰਡੀਆ ਡੈਮੋਕ੍ਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨਸ, ਆਲ ਇੰਡੀਆ ਸੇਵ ਐਜੂਕੇਸ਼ਨ ਕਮੇਟੀ ਸਮੇਤ ਕੁਝ ਸੰਗਠਨਾਂ ਨੇ ਸਰਕਾਰ ਦੇ ਇਸ ਕਦਮਨੂੰ ਗਲਤ ਕਰਾਰ ਦਿੱਤਾ ਹੈ।

ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਕਿਹਾਕਿ 'ਭਾਰਤੀ ਜਨਤਾ ਪਾਰਟੀ ਦੇ ਆਗੂ ਭਾਰਤ ਦੇ ਅਮਰ ਸ਼ਹੀਦ ਭਗਤ ਸਿੰਘ ਨੂੰ ਏਨੀ ਨਫਰਤ ਕਿਉਂ ਕਰਦੇ ਹਨ?'ਉਨ੍ਹਾਂਕਿਹਾ ਕਿ 'ਸਕੂਲੀ ਕਿਤਾਬਾਂਤੋਂ ਸਰਦਾਰ ਭਗਤ ਸਿੰਘ ਦਾ ਨਾਂ ਹਟਾਉਣਾ ਅਮਰ ਸ਼ਹੀਦ ਦੀ ਕੁਰਬਾਨੀ ਦਾ ਅਪਮਾਨ ਹੈ, ਦੇਸ਼ ਆਪਣੇ ਸ਼ਹੀਦਾਂ ਦੇ ਅਪਮਾਨ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ। ਭਾਜਪਾ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਵੇਗਾ।' ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਸ ਉੱਤੇ ਰੋਸ ਪ੍ਰਗਟ ਕੀਤਾ ਹੈ।

ਵਰਨਣ ਯੋਗ ਹੈ ਕਿ ਕਰਨਾਟਕ ਸਰਕਾਰ ਨੇ 10ਵੀਂ ਜਮਾਤ ਦੀ ਕੰਨੜ ਭਾਸ਼ਾ ਦੀ ਕਿਤਾਬ ਵਿੱਚ ਇੱਕ ਸੋਧ ਕਰਕੇ ਨਵਾਂ ਚੈਪਟਰ ਜੋੜਿਆ ਹੈ, ਜਿਸ ਵਿਚ ਸ਼ਹੀਦ ਭਗਤ ਸਿੰਘ ਦੀ ਥਾਂ ਡਾ. ਹੈਡਗੇਵਾਰ ਦਾ ਭਾਸ਼ਣ ਸ਼ਾਮਲ ਕਰ ਦਿੱਤਾ ਹੈ।ਇਸ ਰਾਜ ਦੇ ਸਿੱਖਿਆ ਮੰਤਰੀ ਬੀਸੀ ਨਾਗੇਸ਼ ਨੇ ਕਿਹਾ ਕਿ ਜੋ ਲੋਕ ਇਸ ਬਾਰੇ ਵਿਰੋਧ ਕਰਦੇ ਹਨ, ਅਸਲ ਵਿੱਚ ਉਨ੍ਹਾਂ ਨੇ ਇਸਨੂੰ ਪੜ੍ਹਿਆ ਨਹੀਂ, ਉਨ੍ਹਾਂ ਨੂੰ ਲਗਦਾ ਹੈ ਕਿ ਉਹੀ ਸਹੀ ਹਨ ਅਤੇ ਸਿਰਫ ਉਨ੍ਹਾਂ ਦੇ ਵਿਚਾਰ ਸਮਾਜ ਵਿੱਚ ਆਉਣੇ ਚਾਹੀਦੇ ਹਨ।ਇਸ ਮੁੱਦੇ ਉੱਤੇ ਦੇਸ਼ ਵਿੱਚ ਚਰਚਾ ਛਿੜੀ ਹੋਈ ਹੈ।

## ਬਾਰਡਰ ਖੇਤਰ ਦੀਆਂ 28 ਲੜਕੀਆਂ ਨੂੰ ਬੰਗਲੌਰ ਵਿਖੇ ਮਿਲੀ ਨੌਕਰੀ

### ਡਿਪਟੀ ਕਮਿਸ਼ਨਰ ਨੇ ਨੌਕਰੀ ਜੁਆਇਨ ਕਰਨ ਜਾ ਰਹੀਆਂ ਲੜਕੀਆਂ ਨੂੰ ਰੇਲਵੇ ਸਟੇਸ਼ਨ ਪਹੁੰਚ ਕੇ ਦਿੱਤੀ ਵਧਾਈ




ਫਿਰੋਜ਼ਪੁਰ, 17 ਮਈ (ਗਿਆਨ ਸਿੰਘ): ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਿਰੋਜ਼ਪੁਰ/ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਅਜ਼ਾਦੀ ਦਾ ਅੰਮ੍ਰਿਤ ਮਹੋਤਸਵ ਦੇ ਤਹਿਤ ਜ਼ਿਲ੍ਹਾ ਪੱਧਰੀ ਰੋਜ਼ਗਾਰ ਮੇਲੇ ਵਿੱਚ ਹੁਨਰ ਪ੍ਰਾਪਤ ਕਰ ਚੁੱਕੀਆਂ ਜ਼ਿਲ੍ਹਾ ਫਿਰੋਜ਼ਪੁਰ ਬਾਰਡਰ ਖੇਤਰ ਦੀਆਂ 28 ਲੜਕੀਆਂ ਨੂੰ ਸ਼ਾਹੀ ਐਕਸਪੋਰਟ ਬੰਗਲੌਰ ਵਿਖੇ ਨੌਕਰੀ ਜੁਆਇਨ ਕਰਨ ਲਈ ਆਈ.ਟੀ.ਸੈਕਟਰ ਬੰਗਲੌਰ ਵਿਖੇ ਰਵਾਨਾ ਕੀਤਾ ਗਿਆ। ਇਸ ਮੌਕੇ ਤੇ ਰੇਲਵੇ ਸਟੇਸ਼ਨ ਉਤੇ ਉਚੇਚੇ ਤੌਰ ਤੇ ਪਹੁੰਚ ਕੇ ਡਿਪਟੀ ਕਮਿਸ਼ਨਰ ਅੰਮ੍ਰਿਤ ਸਿੰਘ ਨੇ ਸਾਰੀਆਂ ਲੜਕੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਇਸ ਮੌਕੇ ਡਿਪਟੀ ਕਮਿਸ਼ਨਰ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਬਾਰਡਰ ਖੇਤਰ ਦੀਆਂ 28 ਲੜਕੀਆਂ ਨੂੰ ਆਈ.ਟੀ. ਸੈਕਟਰ ਬੰਗਲੌਰ ਵਿਖੇ ਸ਼ਾਹੀ ਐਕਸਪੋਰਟ, ਬੰਗਲੌਰ ਨਾਮਕ ਕੰਪਨੀ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤੋਂ ਪ੍ਰੇਰਿਤ ਹੋ ਕੇ ਹੋਰ ਵੀ ਲੜਕੀਆਂ ਵਿੱਚ ਕੰਮ ਕਰਨ ਦਾ ਜਜ਼ਬਾ ਪੈਦਾ ਹੋਵੇਗਾ ਅਤੇ ਉਹ ਵੀ ਦੂਜੇ ਸ਼ਹਿਰਾਂ ਵਿੱਚ ਜਾ ਕੇ ਆਪਣੇ ਪੈਰਾਂ ਤੇ ਖੜ੍ਹਾ ਹੋਣ ਦੇ ਕਾਬਿਲ ਬਣ ਸਕਣਗੀਆਂ।

ਇਸ ਦੌਰਾਨ ਇਕ ਲੜਕੀ ਨੇ ਦੱਸਿਆ ਕਿ ਉਸ ਨੂੰ ਇਹ ਜਾਣਕਾਰੀ ਮਿਲੀ ਸੀ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਟ੍ਰੇਨਿੰਗ ਕਰਵਾ ਕੇ ਕੰਮ ਕਰਨ ਦੇ ਮੌਕੇ ਉਪਲਬਧ ਕਰਵਾਏ ਜਾਂਦੇ ਹਨ। ਇਸ ਤੇ ਉਸ ਨੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਹੁੰਚ ਕੀਤੀ ਅਤੇ ਉਸ ਨੂੰ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਸ ਨੇ ਦੱਸਿਆ ਕਿ ਉਸ ਦੇ ਘਰ ਦੇ ਹਾਲਾਤ ਵੀ ਠੀਕ ਨਹੀਂ ਹਨ ਅਤੇ ਉਸ ਨੂੰ ਇਸ ਨੌਕਰੀ ਦੀ ਬਹੁਤ ਜ਼ਰੂਰਤ ਸੀ। ਉਸ ਨੇ ਨੌਕਰੀ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਕਾਰੋਬਾਰ ਬਿਊਰੋ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਇਸ ਮੌਕੇ ਪਲੇਸਮੈਂਟ ਅਫ਼ਸਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਿਰੋਜ਼ਪੁਰ ਗੁਰ-ਜੰਟ ਸਿੰਘ ਅਤੇ ਮਿਸ਼ਨ ਮੈਨੇਜਰ, ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਸਰਬਜੀਤ ਸਿੰਘ ਹਾਜ਼ਰ ਸਨ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਉੱਡਤਾ ਪੰਜਾਬ




ਪੰਜਾਬ ਦੀ ਪਵਿੱਤਰ ਧਰਤੀ ਤੇ ਅੱਜਕੱਲ੍ਹ ਸਰਕਾਰੀ ਨਸ਼ਾ ਛੁਡਾਉ, ਨਸ਼ੇ ਦੀਆਂ ਈ ਗੋਲੀਆਂ ਲਈ ਵੀ ਸੜਕਾਂ ਤੇ ਧਰਨੇ ਲੱਗ ਰਹੇ ਨੇ, ਹਜ਼ਾਰਾਂ ਈ ਲੋਕ ਸ਼ਰੇਆਮ ਸਰਕਾਰੀ ਹਸਪਤਾਲਾਂ 'ਚ ਬਣੇ ਵਿਸ਼ੇਸ਼ ਸੈਂਟਰਾਂ ਤੇ ਲੰਮੀਆਂ ਲਾਈਨਾਂ 'ਚ ਖੜ੍ਹ ਕੇ ਨਸ਼ੇ ਦੀਆਂ ਗੋਲੀਆਂ ਲਈ ਲੇਲੜੀਆਂ ਕੱਢਦੇ, ਸਿਹਤ ਵਿਭਾਗ ਦੇ ਮੁਲਾਜ਼ਮਾਂ ਨਾਲ ਤੇ ਆਪਸ 'ਚ ਸ਼ਰੇਆਮ ਲੜਦੇ-ਝਗੜਦੇ ਰੋਜ ਦੇਖੇ ਜਾ ਸਕਦੇ ਨੇ। ਦਰਅਸਲ ਪੰਜਾਬ ਦੀ ਪਿਛਲੀ ਸਰਕਾਰ ਸਮੇਂ 2017 'ਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ੇ ਦੇ ਖਿਲਾਫ ਇਕ ਵਿਸ਼ੇਸ਼ ਪਾਇਲਟ ਪ੍ਰੋਜੈਕਟ ਅਮਰੀਕਾ ਦੇ ਡ੍ਰਗ ਥੈਰੇਪਿਸਟ ਕੁੰਵਰ ਅਜੀਤ ਸਿੰਘ ਦੀ ਸਲਾਹ ਤੇ ਚਲਾਇਆ ਸੀ, ਜੋ ਅਮਰੀਕਾ 'ਚ ਬੇਹੱਦ ਕਾਰਗਰ ਸਿੱਧ ਹੋਇਆ ਸੀ। ਇਸ ਇਲਾਜ਼ ਅਧੀਨ ਨਸ਼ੇ ਦੇ ਆਦੀ ਲੋਕਾਂ ਨੂੰ ਸਰਕਾਰ ਵੱਲੋਂ ਬੁਪਰਨੋਰਫਿਨ ਤੇ ਨੇਲੋਕਸੋਨ ਨਾਂ ਦੇ ਵਿਸ਼ੇਸ਼ ਮਿਕਸ ਸਾਲਟ( ਜੀਭ ਥੱਲੇ ਦੇਣ ਵਾਲੀ ਵਿਸ਼ੇਸ਼ ਗੋਲੀ ) ਦੀ ਡੋਜ ਦੇਣੀ ਸ਼ੁਰੂ ਕੀਤੀ ਗਈ ਤਾਂ ਜੋ ਹੋਲੀ-ਹੋਲੀ ਉਹਨਾਂ ਨੂੰ ਨਸ਼ਾਮੁਕਤ ਕਰਦਿਆਂ, ਮੁੱਖ ਧਾਰਾ 'ਚ ਵਾਪਸ ਲਿਆਇਆ ਜਾਵੇ। ਇਸ ਪ੍ਰੋਜੈਕਟ ਨੂੰ ਟਰਾਇਲ ਅਧੀਨ ਸਭ ਤੋਂ ਪਹਿਲਾਂ ਪੰਜਾਬ ਦੇ ਤਿੰਨ ਜਿਲਿਆਂ ਅਮ੍ਰਿਤਸਰ, ਤਰਨਤਾਰਨ ਤੇ ਮੋਗਾ ਦੇ 25 ਸੈਂਟਰਾਂ 'ਚ ਸ਼ੁਰੂ ਕੀਤਾ ਗਿਆ ਪਰ ਸ਼ੁਰੂਆਤੀ ਸਫਲਤਾ ਤੋਂ ਬਾਅਦ ਅਗਲੇ ਈ ਸਾਲ ਇਸ ਪ੍ਰੋਜੈਕਟ ਨੂੰ ਪੂਰੇ ਪੰਜਾਬ 'ਚ, ਸਰਕਾਰੀ ਤੌਰ ਤੇ ਮੁਫ਼ਤ ਤੇ ਕੁੱਝ ਪ੍ਰਾਈਵੇਟ ਮਾਨਸਿਕ ਰੋਗਾਂ ਦੇ ਹਸਪਤਾਲਾਂ ਰਾਹੀਂ ਸ਼ੁਰੂ ਕਰ ਦਿੱਤਾ ਗਿਆ, ਜੋ ਅੱਜ ਵੀ 208 ਸੈਂਟਰਾਂ ਤੇ ਜਾਰੀ ਏ, ਜਿੰਨਾਂ ਵਿੱਚੋਂ 16 ਜੇਲਾਂ ਵਿੱਚ ਹਨ।

ਇਸ ਪ੍ਰੋਜੈਕਟ ਦਾ ਉਦੇਸ਼ ਪੰਜਾਬ ਦੇ ਨਸ਼ੇ ਦੇ ਆਦੀ ਲੋਕਾਂ ਨੂੰ ਦਵਾਈ ਰਾਹੀਂ ਨਸ਼ੇ ਤੋਂ ਛੁਟਕਾਰਾ ਦਿਵਾਉਣਾ ਸੀ ਪਰ ਇਹ ਬੇਹੱਦ ਮਹੱਤਵਪੂਰਨ ਪਾਇਲਟ ਪ੍ਰੋਜੈਕਟ, ਨਾਕਾਮ ਪ੍ਰਬੰਧਨ ਕਾਰਨ ਪਿੱਛਲੇ ਲੰਬੇ ਸਮੇਂ ਤੋਂ ਵੱਡੀਆਂ ਕਮੀਆਂ ਦਾ ਸ਼ਿਕਾਰ ਨਜ਼ਰ ਆ ਰਿਹਾ ਏ। ਦਰਅਸਲ ਸ਼ੁਰੂਆਤ ਵਿੱਚ ਇਹਨਾਂ ਸੈਂਟਰਾਂ 'ਚ ਰਜਿਸਟਰਡ ਲੋਕਾਂ ਦੀ ਗਿਣਤੀ ਠੀਕ-ਠਾਕ ਈ ਸੀ, ਕੁੱਝ ਸਮੇ ਤੱਕ ਇਹਨਾਂ ਸੈਂਟਰਾਂ 'ਚ ਨਾ ਤਾਂ ਇੰਨਾਂ ਗੋਲੀਆਂ ਦੀ ਕਿਲੱਤ ਹੁੰਦੀ ਸੀ, ਨਾ ਈ ਜਿਆਦਾ ਸਟਾਫ ਤੇ ਪ੍ਰਬੰਧ ਦੀ ਲੋੜ ਹੁੰਦੀ ਸੀ ਪਰ ਇਸ ਤੋਂ ਬਾਅਦ ਆ ਗਿਆ ਕਰੋਨਾ ਤੇ ਲਾਕਡਾਉਨ ਲੱਗ ਜਾਣ ਕਾਰਨ, ਹੋਰ ਸਾਰੇ ਨਸ਼ੇ ਬੰਦ ਹੋਣ ਕਾਰਨ ਤੇ ਮੁਫ਼ਤ ਮਿਲਦੀ ਇਸ ਗੋਲੀ ਰਾਹੀਂ ਮਿਲਦੇ ਨਸ਼ੇ ਦੀ ਝਾਤ ਵਿੱਚ ਨਸ਼ੇੜੀ ਲੋਕਾਂ ਨੇ ਵੱਡੇ ਪੱਧਰ ਤੇ ਸਰਕਾਰੀ ਹਸਪਤਾਲਾਂ 'ਚ ਪਹੁੰਚ ਆਪਣੇ ਰਜਿਸਟਰਡ ਕਾਰਡ ਬਣਵਾ ਲਏ। ਇਹਨਾਂ ਕਾਰਡਾਂ ਤੇ ਸੰਬੰਧਤ ਵਿਅਕਤੀ ਦੀ ਨਸ਼ੇ ਦੀ ਡੋਜ ਮਾਨਸਿਕ ਰੋਗਾਂ ਦੇ ਡਾਕਟਰਾਂ ਤੇ ਕਾਉਂਸਲਰ ਦੀ ਵੈਰੀਫਿਕੇਸ਼ਨ ਉਪਰੰਤ ਨਿਰਧਾਰਤ ਹੁੰਦੀ ਏ, ਜੋ ਆਨਲਾਈਨ ਸਿਸਟਮ ਤੇ ਰਜਿਸਟਰਡ ਹੁੰਦੀ ਏ, ਜੇਕਰ ਸਾਫ ਸ਼ਬਦਾਂ 'ਚ ਆਖਿਆ ਜਾਵੇ ਤਾਂ ਨਸ਼ੇੜੀ ਬੰਦੇ ਦਾ ਬੈਂਕ ਵਾਂਗ ਲਿਮਟ ਬੰਨ ਕੇ ਗੋਲੀਆਂ ਦਾ ਖਾਤਾ ਖੋਲ੍ਹਿਆ ਜਾਂਦਾ ਏ। ਪਰ ਉਸ ਸਮੇਂ ਬਹੁਤ ਜਿਆਦਾ ਭੀੜਭਾੜ, ਸੰਬੰਧਤ ਸਟਾਫ ਦੀ ਘਾਟ ਤੇ ਜਿਆਦਾ ਕੰਮ ਦੇ ਬੋਝ ਕਾਰਨ ਬਹੁਤ ਸਾਰੇ ਲੋਕਾਂ ਨੇ ਨਜਾਇਜ਼ ਕਾਰਡ ਵੀ ਬਣਵਾ ਲਏ। ਤੁਸੀਂ ਹੈਰਾਨ ਹੋ ਜਾਵੋਗੇ ਸੁਣ ਕੇ ਕਿ ਕੁੱਝ ਲੋਕਾਂ ਨੇ ਤਾਂ ਆਪਣੇ ਪਰਿਵਾਰ ਦੇ ਵਾਧੂ ਤੇ ਵੱਧ ਡੋਜ ਦੇ ਕਾਰਡ ਬਣਵਾ ਕੇ, ਇਹਨਾਂ ਕਾਰਡਾਂ ਰਾਹੀਂ ਵਾਧੂ ਨਸ਼ੇ ਦੀਆਂ ਗੋਲੀਆਂ ਮੁਫ਼ਤ ਹਾਸਲ ਕਰਕੇ, ਵੇਚਣ ਦਾ ਗੰਦਾ ਧੰਦਾ ਵੀ ਤੋਰ ਰੱਖਿਆ ਏ।

ਇਸ ਪ੍ਰੋਜੈਕਟ ਰਾਹੀਂ, ਸਿਹਤ ਵਿਭਾਗ ਦੀ ਅਥਾਹ ਮਿਹਨਤ ਨਾਲ ਜਿੱਥੇ ਬਹੁਤ ਸਾਰੇ ਨਸ਼ੇੜੀ ਨਸ਼ਾ ਛੱਡਣ 'ਚ ਕਾਮਯਾਬ ਹੋਏ ਹਨ, ਉੱਥੇ ਈ ਕਈਆਂ ਦੀ ਡੋਜ ਚਾਰ-ਪੰਜ ਗੋਲੀਆਂ ਤੋਂ ਘੱਟ ਕੇ ਇਕ ਤੇ ਆ ਗਈ ਏ। ਪਰ ਬਹੁਤ ਸ਼ਰਮ ਦੀ ਗੱਲ ਏ ਕਿ ਹੁਣ ਇਸ ਗੋਲੀ ਦੀ ਘਾਟ ਕਾਰਨ ਤੇ ਇਸ ਨਸ਼ੇ ਦੇ ਆਦੀ ਹੋਣ ਕਾਰਨ ਲੋਕਾਂ ਦੀਆਂ ਲੰਮੀਆਂ ਲਾਈਨਾਂ ਰੋਜ ਸ਼ਰੇਆਮ ਹਸਪਤਾਲ ਖੁੱਲਣ ਤੋਂ ਪਹਿਲਾਂ ਈ ਲੱਗ ਜਾਂਦੀਆਂ ਨੇਂ, ਵੱਡੀ ਗਿਣਤੀ 'ਚ ਮੂੰਹ ਲੁਕੋਈ ਖੜ੍ਹੇ ਚੰਗੇ ਘਰਾਂ ਦੇ ਪੰਜਾਬੀ ਨੌਜਵਾਨਾਂ ਤੇ ਮਜ਼ਦੂਰ ਕਾਮਿਆਂ ਨੂੰ ਦੇਖ ਕੇ ਦੇਖਣ ਆਲੇ ਨੂੰ ਵੀ ਕਚਿਆਣ ਜਿਹੀ ਆਉਣ ਲੱਗ ਜਾਂਦੀ ਏ। ਜੇਕਰ ਕਾਰਡ ਧਾਰਕ ਇਹੀ ਗੋਲੀ ਪ੍ਰਾਈਵੇਟ ਹਸਪਤਾਲ ਤੋਂ ਖਰੀਦ ਕਰਦਾ ਏ ਤਾਂ ਇਕ ਗੋਲੀ ਦੀ ਕੀਮਤ ਲਗਭਗ 30-40 ਰੁਪਏ ਦੇ ਕਰੀਬ ਏ, ਜਦਕਿ ਸਰਕਾਰੀ ਸੈਂਟਰਾਂ ਤੇ ਰੋਜ, ਮੁਫ਼ਤ ਵਿੱਚ ਇਹ ਗੋਲੀਆਂ ਇਹਨਾਂ ਰਜਿਸਟਰਡ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਨੇ। ਇਹ ਸੈਂਟਰ ਸਰਕਾਰੀ ਛੁੱਟੀ ਵਾਲੇ ਦਿਨ ਵੀ ਖੁੱਲਦੇ ਨੇ ਪਰ ਛੁੱਟੀ ਵਾਲੇ ਦਿਨ, ਇਕ ਦਿਨ ਦੀ ਡੋਜ ਈ ਦਿੱਤੀ ਜਾਂਦੀ ਏ ਜਦਕਿ ਕੰਮਕਾਜ ਵਾਲੇ ਦਿਨ ਸੱਤ ਦਿਨਾਂ ਦੀ ਜਾਂ ਸਪਲਾਈ ਅਨੁਸਾਰ। ਇਸ ਕਰਕੇ ਇੰਨਾਂ ਗੋਲੀਆਂ ਦੀ ਵੱਧ ਮੰਗ ਕਾਰਨ ਡਰੱਗ ਮਾਫੀਆ, ਕੁੱਝ ਕੁ ਭ੍ਰਿਸ਼ਟ ਸਰਕਾਰੀ ਅਫਸਰਾਂ ਦੀ ਮਿਲੀਭੁਗਤ ਨਾਲ, ਇਹਨਾਂ ਗੋਲੀਆਂ ਨੂੰ ਬਲੈਕ 'ਚ ਬਹੁਤ ਮਹਿੰਗੀਆਂ ਵੇਚ ਕੇ ਪੰਜਾਬੀਆਂ ਦੀ ਸਿਹਤ ਨਾਲ ਸ਼ਰੇਆਮ ਖਿਲਵਾੜ ਕਰਦਿਆਂ, ਵੱਡਾ ਮੁਨਾਫਾ ਵੀ ਕਮਾ ਰਿਹਾ ਏ। ਹਾਲਾਤ ਇਹ ਬਣ ਚੁੱਕੇ ਨੇ ਕਿ ਅੱਜਕੱਲ੍ਹ ਤਾਂ ਨਸ਼ਾ ਛੁਡਾਉ ਡਾਕਟਰਾਂ ਵੱਲੋਂ ਵੀ 'ਜੀਭ ਥੱਲੇ ਰੱਖਣ ਵਾਲੀਆਂ ਗੋਲੀਆਂ ਛੁਡਾਉ' ਦੇ ਇਸ਼ਤਿਹਾਰ ਦਿੱਤੇ ਜਾਣ ਲੱਗ ਪਏ ਹਨ।

ਸਰਕਾਰ ਵੱਲੋਂ ਜਲਦੀ ਤੋਂ ਜਲਦੀ ਈ ਵੱਡੇ ਪੱਧਰ ਤੇ ਜਿੱਥੇ ਇਹਨਾਂ ਸੈਂਟਰਾਂ ਦੀ ਗਿਣਤੀ ਵਧਾਉਂਦਿਆ, ਸਾਰੇ ਈ ਰਜਿਸਟਰਡ ਕਾਰਡਧਾਰਕਾਂ ਦੀ ਦੁਬਾਰਾ ਜਾਂਚ ਕਰਕੇ ਡੋਜ ਨਿਰਧਾਰਤ ਕਰਨ ਦੀ ਲੋੜ ਏ, ਉੱਥੇ ਹੀ ਇਸ ਗੋਲੀ ਦੀ ਵੱਡੇ ਪੱਧਰ ਤੇ ਲੱਗ ਰਹੀ ਲੱਤ ਨੂੰ ਰੋਕਣ ਲਈ ਨਸ਼ਾ ਛੁਡਾਉਣ ਦੇ ਹੋਰ ਤਰੀਕਿਆਂ ਬਾਰੇ ਸੋਚਣ ਦੀ ਲੋੜ ਏ, ਕਿਉਂਕਿ ਇਹ ਗੋਲੀ ਹੁਣ ਨਸ਼ੇੜੀਆਂ ਲਈ ਮਹਿੰਗੇ ਨਸ਼ੇ ਦਾ ਮੁਫ਼ਤ ਮਿਲਦਾ ਬਦਲ ਬਣਦਾ ਜਾ ਰਿਹਾ ਏ। ਇਸ ਸਮੇਂ ਪੰਜਾਬ ਦੇ ਲਗਭਗ 2.5 ਲੱਖ ਲੋਕ ਇੰਨਾਂ ਸੈਂਟਰਾਂ ਅਧੀਨ ਰਜਿਸਟਰਡ ਹਨ ਤੇ ਲਗਭਗ 16.5 ਲੱਖ ਲੋਕ ਹਰ ਮਹੀਨੇ ਇਹਨਾਂ ਸੈਂਟਰਾਂ ਤੇ ਜਾਂਦੇ ਹਨ। ਸਭ ਤੋਂ ਵੱਡੀ ਤੇ ਅਹਿਮ ਗੱਲ ਸਰਕਾਰ ਨੂੰ ਇੰਨਾਂ ਰਜਿਸਟਰਡ ਪੰਜਾਬੀਆਂ ਦੀ ਪਛਾਣ ਜਨਤਕ ਹੋਣ ਤੋਂ ਰੋਕਣ ਲਈ ਖਾਸ ਕਦਮ ਚੁੱਕਣ ਦੀ ਲੋੜ ਏ। ਅਸਲ 'ਚ ਇਹ ਲੋਕ ਮਾਨਸਿਕ ਬੀਮਾਰ ਨੇ, ਇੰਨਾਂ ਤੇ ਤਰਸ ਕਰਦਿਆਂ, ਇੰਨਾਂ ਦਾ ਇਲਾਜ਼ ਕਰਨ ਦੀ ਲੋੜ ਏ, ਨਾ ਕਿ ਉੱਥੇ ਸ਼ਰੇਆਮ ਲਾਈਨਾਂ 'ਚ ਲਗਾ ਕੇ ਇੰਨਾਂ ਦੀ ਬੀਮਾਰੀ ਦਾ ਜਨਤਕ ਪ੍ਰਦਰਸ਼ਨ ਕਰਕੇ ਇੰਨਾਂ ਨੂੰ ਸ਼ਰਮਸਾਰ ਕਰਨ ਦੀ। ਸੈਂਟਰਾਂ ਦੀ, ਗੋਲੀਆਂ ਦੀ ਤੇ ਸੰਬੰਧਤ ਮੁਲਾਜ਼ਮਾਂ ਦੀ ਘਾਟ ਕਾਰਨ ਕੁੱਝ ਕੁ ਗਲਤ ਅਨਸਰ ਇੰਨਾਂ ਸੈਂਟਰਾਂ ਤੇ ਨਿਤ ਈ ਵਿਵਸਥਾ ਖਰਾਬ ਕਰਦਿਆਂ ਉੱਥੇ ਡਿਊਟੀ ਤੇ ਮੌਜੂਦ ਮੁਲਾਜ਼ਮਾਂ ਨੂੰ ਵੀ ਬੇਹੱਦ ਪਰੇਸ਼ਾਨ ਕਰਦੇ ਨੇ, ਜੋ ਚਿੰਤਾ ਦਾ ਵਿਸ਼ਾ ਏ, ਨਾਲ ਹੀ ਡਰੱਗ ਮਾਫੀਆ ਤੇ ਤੁਰੰਤ ਨਕੇਲ ਕੱਸਦਿਆਂ ਕਾਲੀਆਂ ਭੇਡਾਂ ਤੇ ਵੀ ਸਖਤ ਕਾਰਵਾਈ ਕਰਨ ਦੀ ਲੋੜ ਏ। ਪੰਜਾਬ 'ਚ ਹੁਣ ਸਰਕਾਰ ਬਦਲ ਗਈ ਏ, ਪੂਰਾ ਪੰਜਾਬ ਆਪਣੀ ਨਵੀਂ ਬਣੀ ਸਰਕਾਰ ਵੱਲ ਬੇਹੱਦ ਉਮੀਦ ਨਾਲ ਦੇਖ ਰਿਹਾ ਏ, ਆਸ ਏ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਜੀ ਇਸ ਪ੍ਰੋਜੈਕਟ 'ਚ ਇਨਕਲਾਬੀ ਸੁਧਾਰ ਕਰਦਿਆਂ, ਬੇਹੱਦ ਜਲਦ ਨਸ਼ੇ ਦੀਆਂ ਜੜਾਂ ਪੁੱਟ ਦੇਣਗੇ।

*-ਅਸ਼ੋਕ ਸੋਨੀ, ਕਾਲਮਨਵੀਸ*
*ਪਿੰਡ ਖੂਈ ਖੇੜਾ, ਫਾਜ਼ਲਿਕਾ।*

# ਮੁਕਲਾਵਾ

-ਡਾਕਟਰ ਮਨਜੀਤ ਸਿੰਘ ਬੱਲ

42 ਸਾਲ ਪਹਿਲਾਂ ਜਦੋਂ ਸਾਡਾ ਵਿਆਹ ਹੋਇਆ, ਉਦੋਂ ਵਿਆਹ ਦੇ ਨਾਲ ਮੁਕਲਾਵਾ ਤੋਰਨ ਦਾ ਰਿਵਾਜ਼ ਸ਼ੁਰੂ ਹੋ ਗਿਆ ਸੀ। ਅਸੀਂ ਮਜੀਠਾ ਰੋਡ ਉੱਤੇ ਸਾਂ, ਮੇਰੇ ਸਹੁਰੇ, ਪੁਤਲੀ ਘਰ ਅੰਮ੍ਰਿਤਸਰ। ਡੋਲੀ ਤੋਂ ਅਗਲੇ ਦਿਨ ਸਵੇਰੇ ਵਹੁਟੀਦੇ ਭਰਾ ਫੇਰਾ ਪਵਾਉਣ ਕੁੜੀ ਨੂੰ ਲੈ ਗਏ। ਮੁਕਲਾਵਾ ਲੈਣ ਵੱਡਾ ਭਰਾ ਭਰਜਾਈ ਆਪਣੇ ਵੈਸਪਾ ਉੱਤੇ ਅਤੇ ਮੈਂ ਆਪਣੇ ਰਾਜਦੂਤ ਮੋਟਰ ਸਾਈਕਲ ਉੱਤੇ ਪੁਤਲੀਘਰ ਪੁੱਜ ਗਏ। ਸ਼ਗਨਾਂ ਨਾਲ ਮੁਕਲਾਵਾ ਤੋਰਿਆ ਗਿਆ।

ਮਾਲ ਰੋਡ ਰਾਹੀਂ ਆਉਂਦਿਆਂ ਵੈਸਪਾ ਸਾਨੂੰ ਪਿੱਛੇ ਛੱਡ ਗਿਆ। ਅਸੀਂ ਵੀ ਹੌਲੀ-ਹੌਲੀ ਚੱਲ ਰਹੇ ਸਾਂ, ਪਤਾ ਨਹੀਂ ਸੀ ਲੱਗ ਰਿਹਾ, ਕੀ ਗੱਲ ਕਰੀਏ? ਕੁਝ ਅਜੀਬ ਜਿਹਾ, ਪਰ ਚੰਗਾ ਮਹਿਸੂਸ ਹੋ ਰਿਹਾ ਸੀ। ਗਰਮੀ ਬਹੁਤ ਸੀ, ਅਸਮਾਨੀ ਗੁਬਾਰ ਜਿਹਾ ਚੜ੍ਹਿਆ ਹੋਇਆ ਸੀ। ਆਦਰਸ਼ ਚੌਕ ਤੋਂ ਪਿੱਛੇ ਰਾਜਦੂਤ ਪੈਂਚਰ ਹੋ ਗਿਆ, ਇੱਕ ਦਮ ਹਵਾ ਨਿਕਲ ਗਈ। ਅਸੀਂ ਉਤਰ ਕੇ ਖਲੋ ਗਏ। ਨੇੜੇ-ਤੇੜੇ ਪੈਂਚਰ ਲਾਉਣ ਵਾਲਾ ਵੀ ਕੋਈ ਨਹੀਂ ਸੀ।

ਪੈਂਚਰ ਮੋਟਰ ਸਾਈਕਲ ਰੇੜ੍ਹਨਾ ਸੌਖਾ ਕੰਮ ਨਹੀਂ ਹੁੰਦਾ। ਨਵੇਂ ਕੱਪੜੇ, ਤੰਗ ਨਵੇਂ ਬੂਟ, ਉੱਤੋਂ ਵੱਟ ਲੱਗਾ ਪਿਆ, ਬੜਾ ਔਖਾ ਸੀ। ਮੈਂ ਰਾਜਦੂਤ ਨੂੰ ਖਿੱਚ ਰਿਹਾ ਸਾਂ ਤੇ ਵਹੁਟੀ ਕੁਝ ਕਦਮ ਪਿੱਛੇ। ਗੋਟੇ-ਕਿਨਾਰਿਆਂ ਵਾਲੇ ਵਰੀ ਦੇ ਭਾਰੇ ਲੀੜੇ, ਕੋਰੀ ਕਸੂਰੀ ਜੁੱਤੀ, ਗਹਿਣਾ-ਗੱਟਾ, ਕਲੀਰੇ ਆਦਿ ਨਾਲ ਉਹਨੂੰ ਇੰਨੀ ਗਰਮੀ ਵਿੱਚ ਪੈਦਲ ਤੁਰਨਾ ਪੈ ਰਿਹਾ ਸੀ। ਕਦੀ ਅਸੀਂ ਰੁਕ ਜਾਂਦੇ, ਇੱਕ ਦੂਜੇ ਵੱਲ ਚੁੱਪ-ਚਾਪ ਤੱਕਦੇ ਤੇ ਸਾਹ ਲੈ ਕੇ ਫਿਰ ਤੁਰ ਪੈਂਦੇ। ਭਰਾ ਭਰਜਾਈ ਘਰ ਅੱਪੜ ਕੇ ਉਡੀਕਣ ਲੱਗੇ। ਆਖਰ ਬਾਪੂ ਨੇ ਵੱਡੇ ਭਰਾ ਨੂੰ ਕਿਹਾ, "ਬੜਾ ਚਿਰ ਲਾ ਦਿੱਤਾ। ਉਨ੍ਹਾਂ ਨੇ, ਜਾਹ ਪੁੱਤ, ਪਤਾ ਕਰ ਜਾ ਕੇ। ਵਹੁਟੀ ਨੇ ਗਹਿਣਾ-ਗੱਟਾ ਪਾਇਐ, ਕੋਈ ਐਸੀ ਵੈਸੀ ਗੱਲ ਨਾ ਹੋਗੀ ਹੋਵੇ।"

ਰਾਜਦੂਤ ਨੂੰ ਰੇੜ੍ਹਦੇ ਹੋਏ ਹੌਲੀ-ਹੌਲੀ ਅਸੀਂ ਆਦਰਸ਼ ਚੌਕ ਕੋਲ ਪੁੱਜੇ ਸਾਂ ਕਿ ਵੈਸਪਾ ਉਤੇ ਭਰਾ ਆ ਪੁੱਜਾ। ਮੇਰੇ ਸਾਹ ਵਿੱਚ ਸਾਹ ਆਇਆ। ਭਰਾ ਨੇ ਕਿਹਾ, "ਤੁਸੀਂ ਆਹ ਵੈਸਪਾ ਲੈ ਜਾਓ, ਮੈਂ ਰਾਜਦੂਤ ਨੂੰ ਪੈਂਚਰ ਲਵਾ ਕੇ ਆਉਨਾ।" ਅਸੀਂ ਵੈਸਪਾ ਲੈ ਕੇ ਚੱਲ ਪਏ। ਥੋੜ੍ਹੀ ਜਿਹੀ ਗੱਲ ਕਰ ਕੇ ਤ੍ਰੇਹ ਮਿਟਾਉਣ ਵਾਸਤੇ ਪਹਿਲਾਂ ਠੰਢੀ ਖੂਹੀ ਕੋਲ ਰੇੜ੍ਹੀ ਤੋਂ ਕੁਲਫੀ ਖਾਧੀ ਅਤੇ ਫਿਰ ਕੁਝ ਮਿੰਟਾਂ ਵਿੱਚ ਅਸੀਂ ਘਰ ਪੁੱਜ ਗਏ, ਜਿੱਥੇ ਸਾਡੀ ਉਡੀਕ ਹੋ ਰਹੀ ਸੀ। ਦੋ ਦਿਨਾਂ ਬਾਅਦ ਅਸੀਂ ਸ਼ਿਮਲੇ ਚਲੇ ਗਏ। ਜਦ ਇੱਕ ਦੂਜੇ ਨਾਲ ਪੂਰੀ ਜਾਣ ਪਛਾਣ ਹੋ ਗਈ ਤਾਂ ਮੁਕਲਾਵੇ ਦੇ ਦਿਨ ਦਾ ਪੂਰਾ ਵਾਕਿਆ, ਸੁਰਿੰਦਰ ਕੌਰ ਦੇ ਗਾਣੇ ਵਿੱਚ ਫਿੱਟ ਹੋ ਗਿਆ :

*ਜੁੱਤੀ ਕਸੂਰੀ, ਪੈਰੀਂ ਨਾ ਪੂਰੀ,*
*ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ...*
*ਲੈ ਮੇਰਾ ਮੁਕਲਾਵਾ ਢੋਲਾ,*
*ਸੜਕੇ ਸੜਕੇ ਜਾਂਵਦਾ।*
*ਕੱਢਿਆ ਘੁੰਡ ਕੁਝ ਕਹਿ ਨਾ ਸਕਦੀ,*
*ਦਿਲ ਮੇਰਾ ਸ਼ਰਮਾਂਵਦਾ।...*

ਇਹ ਕਹਾਣੀ ਜਦ ਮੈਂ ਆਪਣੇ ਤੋਂ ਵੱਡੇ ਇੱਕ ਮਿੱਤਰ ਨਾਲ ਸਾਂਝੀ ਕੀਤੀ ਤਾਂ ਉਹਨੇ ਵੀ ਆਪਣੇ ਮੁਕਲਾਵੇ ਦੀ ਵਿਥਿਆ ਸੁਣਾ ਦਿੱਤੀ। ਕਹਿਣ ਲੱਗਾ:

...ਅਸੀਂ ਮਨੀ ਮਾਜਰੇ ਰਹਿੰਦੇ ਸਾਂ। ਵਿਆਹ ਤੋਂ ਦੋ ਦਿਨਾਂ ਬਾਅਦ ਮੁਕਲਾਵਾ ਲਿਆਂਦਾ ਤਾਂ ਵੱਡਾ ਭਾਈ ਕਹਿੰਦਾ-ਜਾਹ ਵਹੁਟੀ ਨੂੰ ਚੰਡੀਗੜ੍ਹ ਘੁਮਾ ਲਿਆ। ਮੇਰੀ ਬਹੂ ਨਾਲ ਅਜੇ ਵਾਕਫੀਅਤ ਵੀ ਨਹੀਂ ਸੀ ਹੋਈ। ਉਹ ਵੀ ਸੰਗਦੀ ਸੀ ਤੇ ਮੈਂ ਵੀ। ਉਂਝ, ਵਹੁਟੀ ਨੂੰ ਲੈ ਕੇ ਮੈਂ ਚੰਡੀਗੜ੍ਹ ਜਾਣ ਵਾਲੀ ਗੱਲ ਤੋਂ ਖੁਸ਼ ਜਿਹਾ ਹੋ ਗਿਆ। ਮੇਰੇ ਕੋਲ ਸਾਈਕਲ ਸੀ ਤੇ ਵੱਡੇ ਭਾਈ ਕੋਲ ਲੰਬਰੇਟਾ ਸਕੂਟਰ ਸੀ। ਭਾਈ ਨੇ ਲੰਬਰੇਟਾ ਲਿਜਾਣ ਦੀ ਇਜਾਜ਼ਤ ਦੇ ਦਿੱਤੀ।

ਪਤਨੀ ਸੁੱਖੋ ਹਿਮਾਚਲ ਪ੍ਰਦੇਸ਼ ਦੇ ਸਬੱਬੂ ਪਿੰਡ ਤੋਂ ਹੈ। ਉਦੋਂ ਵਿਆਹ ਤੋਂ ਪਹਿਲਾਂ ਮੁੰਡੇ-ਕੁੜੇ ਦੀ ਗੱਲ ਨਹੀਂ ਸੀ ਹੁੰਦੀ। ਬੜੀ ਟੌਹਰ ਨਾਲ ਮੈਂ ਨਵੀਂ ਵਿਆਹ ਨੂੰ ਲੰਬਰੇਟੇ ਉੱਤੇ ਬਿਠਾ ਕੇ ਚੰਡੀਗੜ੍ਹ ਦੇ 17 ਸੈਕਟਰੀ ਵੱਲ ਚੱਲ ਪਿਆ। ਹਲਕੀ ਕਢਾਈ ਵਾਲੇ ਗੁਲਾਬੀ ਸੂਟ ਤੇ ਗੋਟੇ-ਕਿਨਾਰੀ ਵਾਲੇ ਦੁਪੱਟੇ ਨਾਲ ਪਤਲੀ ਪਤੰਗ ਸੁੱਖੋ ਬੜੀ ਫੱਬ ਰਹੀ ਸੀ। ਉਦੋਂ ਨਵੀਆਂ ਹੀ ਨਹੀਂ, ਪੁਰਾਣੀਆਂ ਵਹੁਟੀਆਂ ਵੀ ਸਕੂਟਰ ਉਤੇ ਲਾੜੇ ਤੋਂ ਦੂਰ ਹੋ ਕੇ ਹੀ ਬਹਿੰਦੀਆਂ ਸਨ। ਮੋਢੇ ਉਤੇ ਹੱਥ ਰੱਖਣਾ ਜਾਂ ਲੱਕ ਦੁਆਲੇ ਬਾਂਹ ਵਲਣੀ ਤਾਂ ਬਾਅਦ ਦੀਆਂ ਗੱਲਾਂ ਹਨ।

ਅਸੀਂ ਹੌਲੇ-ਹੌਲੇ ਚੱਲ ਰਹੇ ਸਾਂ, ਕੋਈ ਗੱਲ ਨਹੀਂ ਸੀ ਸੁੱਝਦੀ। 18-19 ਦੀਆਂ ਲਾਈਟਾਂ ਉੱਤੇ ਬੱਤੀ ਲਾਲ ਹੋਣ ਕਾਰਨ ਬ੍ਰੇਕ ਲਾਉਣੀ ਪਈ ਤੇ ਹਰੀ ਬੱਤੀ ਹੋਣ ਉੱਤੇ ਮੈਂ ਚੱਲ ਪਿਆ। ਟੈਗੋਰ ਥੀਏਟਰ ਕੋਲ ਪੁੱਜ ਕੇ ਸੱਜੇ ਹੱਥ ਨਾਲ ਇਸ਼ਾਰਾ ਕਰ ਕੇ ਮੈਂ ਬੋਲਿਆ, "ਸੁੱਖੋ, ਆਹ ਟੈਗੋਰ ਥੀਏਟਰ ਆ, ਇੱਥੇ ਨਾਟਕ ਵਗੈਰਾ ਹੁੰਦੇ ਨੇ, ਤੇ ਥੀਏਟਰ ਦੇ ਪਿੱਛੇ ਮੇਰਾ ਦਫਤਰ ਆ।" ਆਪਣੀ ਗੱਲ ਮੁਕਾ ਕੇ ਮੈਂ ਸੋਚ ਰਿਹਾ ਸਾਂ ਕਿ "ਹੱਛਾ ਜੀ" ਬੋਲੇਗੀ, ਪਰ ਕੋਈ ਹੁੰਗਾਰਾ ਨਾ ਮਿ-ਲਆ।ਲੰਬਰੇਟਾ ਹੌਲੀ-ਹੌਲੀ ਚੱਲੀ ਗਿਆ। ਮੈਂ ਉਹੀ ਸੱਜਾ ਹੱਥ ਪਿਛਲੀ ਕਾਠੀ ਵੱਲ ਘੁਮਾਇਆ ਤੇ ਕਾਠੀ ਖਾਲੀ ਦੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਿਆ। ਸਕੂਟਰ ਰੋਕ ਕੇ ਪਿਛਾਂਹ ਨਜ਼ਰ ਮਾਰੀ, ਸੁੱਖੋ ਕਿਤੇ ਨਾ ਦਿੱਸੀ। ਦਿਲ ਫਿਕਰਮੰਦ ਅਤੇ ਭੈਅਭੀਤ ਹੋ ਗਿਆ, ਸ਼ਾਇਦ ਕਿਤੇ ਡਿੱਗ ਪਈ ਹੋਊ, ਸੱਟ ਲੱਗ ਗਈ ਹੋਊ। ਘਬਰਾਏ ਅਤੇ ਡਰੇ ਹੋਏ ਨੇ ਸਕੂਟਰ ਪਿੱਛੇ ਮੋੜਿਆ। ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ, ਪਸੀਨਾ ਛੁੱਟ ਰਿਹਾ ਸੀ। ਇਹ ਕੀ ਹੋ ਗਿਆ?

ਉਸੇ ਲਾਲ ਬੱਤੀ ਵਾਲੇ ਚੌਕ ਵਿੱਚ ਪੁੱਜਾ ਤਾਂ ਦੇਖਿਆ ਇੱਕ ਪੁਲਸ ਵਾਲਾ, ਤਿੰਨ-ਚਾਰ ਬੰਦੇਅਤੇ ਦੋ ਜ਼ਨਾਨੀਆਂ ਵਿਚਾਲੇ ਘਿਰੀ ਪਤਲੀ ਜਿਹੀ ਕੁੜੀ ਦਿਸੀ, ਇਹ ਸੁੱਖੋ ਸੀ। ਸਾਹ ਵਿੱਚ ਸਾਹ ਆਇਆ। ਇਸ ਤੋਂ ਪਹਿਲਾਂ ਕਿ ਮੈਂ ਕੋਈ ਗੱਲ ਕਰਦਾ, ਪੁਲਸ ਵਾਲਾ ਬੋਲ ਲਿਆ, "ਬੱਚੂ, ਨਵੀਂ ਵਿਆਹੀ ਨੂੰ ਇੱਥੇ ਲਾਹ ਗਿਆ ਏਂ, ਕੀ ਗੱਲ ਆ? ਵਿਚਾਰੀ ਰੋਈ ਜਾਂਦੀ ਆ।"ਅਸਲ ਵਿੱਚ, ਲਾਲ ਬੱਤੀ ਉੱਤੇ ਬ੍ਰੇਕ ਲੱਗਣ ਕਰ ਕੇ ਸੁੱਖੋ ਸਕੂਟਰ ਤੋਂ ਉਤਰ ਕੇ ਖਲੋ ਗੋਈ ਸੀ, ਤੇ ਮੈਂ ਇਵੇਂ ਹੀ ਸਕੂਟਰ ਤੋਰ ਲਿਆ ਸੀ।...

ਇਸ ਮਿੱਤਰ ਦੀ ਕਹਾਣੀ ਤਾਂ ਸਾਡੇ ਨਾਲੋਂ ਵੀ ਅਨੋਖੀ ਸੀ।

# ਨਾ ਭੁੱਲਣ ਵਾਲਾ ਮਈ ਮਹੀਨਾ



ਚੱਕਰਵਾਤੀ ਤੂਫਾਨ ਆਸਨੀ ਦਾ ਪ੍ਰਭਾਵ ਘੱਟ ਗਿਆ ਹੈ। ਨਮੀ ਨਾਲ ਭਰੀਆਂ ਪੂਰਬੀ ਹਵਾਵਾਂ ਨੇ ਉੱਤਰ ਵਿੱਚ ਕੁਝ ਦਿਨਾਂ ਲਈ ਤਾਪਮਾਨ ਨੂੰ ਘੱਟ ਕੀਤਾ। ਮੈਦਾਨੀ ਖੇਤਰ ਕਮਜ਼ੋਰ ਕਰਨ ਵਾਲੀ ਹੀਟਵੇਵ ਦੀ ਵਾਪਸੀ ਦੇ ਗਵਾਹ ਹਨ। ਮੌਸਮ ਵਿਭਾਗ ਨੇ ਇੱਕ ਯੈਲੋ ਅਲਰਟ ਜਾਰੀ ਕੀਤਾ ਹੈ ਜਿਸ ਨੂੰ ਜਲਦੀ ਹੀ ਸੰਤਰੀ ਅਲਰਟ ਵਿੱਚ ਅਪਗ੍ਰੇਡ ਕੀਤਾ ਜਾ ਸਕਦਾ ਹੈ। ਕੀ ਦਿੱਲੀ ਅਤੇ ਗੁਆਂਢੀ ਰਾਜਾਂ ਵਿੱਚ ਤਾਪਮਾਨ ਦੇ 46 ਡਿਗਰੀ ਸੈਲਸੀਅਸ ਨੂੰ ਪਾਰ ਕਰਨ ਦੇ ਖਤਰੇ ਕਾਰਨ ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਘੱਟ ਕਰਨ ਲਈ ਕੋਈ ਕਦਮ ਚੁੱਕੇ ਜਾ ਰਹੇ ਹਨ? ਇੱਕ ਸਵਾਗਤਯੋਗ ਕਦਮ ਸਕੂਲ ਦੇ ਘੰਟੇ ਨੂੰ ਛੋਟਾ ਕਰਨਾ, ਵਿਦਿਆਰਥੀਆਂ ਦੀਆਂ ਬਾਹਰੀ ਗਤੀਵਿਧੀਆਂ ਨੂੰ ਸੀਮਤ ਕਰਨਾ, ਅਤੇ ਪਹਿਰਾਵੇ ਦੇ ਨਿਯਮਾਂ ਨੂੰ ਢਿੱਲ ਦੇਣਾ ਹੈ। ਪਰ, ਕੀ ਪ੍ਰਾਇਮਰੀ ਸਕੂਲਾਂ ਨੂੰ ਕੰਮ ਕਰਨ ਦੀ ਲੋੜ ਹੈ? ਗਰਮੀ ਕਿਸੇ ਵੀ ਘੱਟ ਮਾਪ ਵਿੱਚ ਬਾਲਗ ਆਬਾਦੀ ਨੂੰ ਖ਼ਤਰਾ ਹੈ. ਸਨਸਟ੍ਰੋਕ ਵਧ ਰਹੇ ਹਨ ਅਤੇ ਡੀਹਾਈਡਰੇਸ਼ਨ ਆਮ ਹੈ। ਅਤੇ ਫਿਰ ਵੀ ਦਫਤਰੀ ਸਮੇਂ ਨੂੰ ਅੱਗੇ ਵਧਾਉਣ ਜਾਂ ਘਟਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਹੈ। ਜੇਕਰ ਦਫ਼ਤਰੀ ਸਮੇਂ ਨੂੰ ਅੱਗੇ ਵਧਾਉਣਾ ਸੰਭਵ ਨਹੀਂ ਹੈ ਤਾਂ ਪ੍ਰਾਈਵੇਟ ਦਫ਼ਤਰ ਆਸਾਨੀ ਨਾਲ ਮੋਡ ਵਿੱਚ ਸ਼ਿਫਟ ਹੋ ਸਕਦੇ ਹਨ। ਡਿਜੀਟਾਈਜ਼ਡ ਸਰਕਾਰੀ ਵਿਭਾਗਾਂ ਵਿੱਚ ਔਨਲਾਈਨ ਕੰਮ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਸਥਿਤੀ ਅੱਧੇ ਦਿਨ ਦੇ ਕੰਮ ਦੇ ਸਮੇਂ ਦੇ ਅਨੁਕੂਲ ਹੈ। ਅਦਾਲਤਾਂ ਵਿੱਚ ਰੁਟੀਨ ਦੀਆਂ ਗਤੀਵਿਧੀਆਂ ਜਿਵੇਂ ਕਿ ਤਾਰੀਖ ਵਧਾਉਣਾ, ਦਸਤਾਵੇਜ਼ ਜਮ੍ਹਾ ਕਰਨਾ, ਅਤੇ ਜ਼ਮਾਨਤ ਦੀਆਂ ਦਲੀਲਾਂ, ਖਾਸ ਕਰਕੇ ਛੋਟੇ ਅਪਰਾਧਾਂ ਨਾਲ ਸਬੰਧਤ, ਔਨਲਾਈਨ ਹੋ ਸਕਦੀਆਂ ਹਨ। ਪਰ, ਦਿਹਾੜੀਦਾਰ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਲੋਕ ਨਿਰਮਾਣ ਵਿਭਾਗਾਂ ਦੇ ਸਿਵਲ ਵਰਕਰਾਂ ਦਾ ਕੀ? ਲੱਖਾਂ ਲੋਕ ਆਪਣੇ ਦਿਨ ਬਿਨਾਂ ਕਿਸੇ ਸੁਰੱਖਿਆ ਜਾਂ ਪੌਸ਼ਟਿਕ ਪੂਰਕਾਂ ਦੇ ਨਾਲ ਬੇਰੋਕ ਸੂਰਜ ਦੇ ਹੇਠਾਂ ਬਿਤਾਉਂਦੇ ਹਨ। ਸ਼ਹਿਰੀ ਕੰਮਾਂ ਨੂੰ ਕਿਤੇ ਵੀ ਰੋਕਿਆ ਜਾਂ ਮੁਲਤਵੀ ਨਹੀਂ ਕੀਤਾ ਗਿਆ ਹੈ। ਰਾਸ਼ਟਰੀ ਰਾਜਮਾਰਗ, ਟ੍ਰੈਕ ਵਿਛਾਉਣ ਅਤੇ ਪੁਲਾਂ ਅਤੇ ਇਮਾਰਤਾਂ ਦੇ ਨਿਰਮਾਣ ਨਾਲ ਸਬੰਧਤ ਵੱਡੇ ਪ੍ਰੋਜੈਕਟਾਂ ਵਿੱਚ ਕੰਮ ਦੇ ਘੰਟੇ ਘਟਾਉਣ ਦੀ ਆਗਿਆ ਦੇਣ ਲਈ ਕੋਈ ਪ੍ਰਣਾਲੀ ਨਹੀਂ ਹੈ। ਕੁਝ ਰਾਜਾਂ ਵਿੱਚ, ਸਰਕਾਰਾਂ ਠੰਡੇ ਪੀਣ ਵਾਲੇ ਪਾਣੀ, ਮੱਖਣ ਦੀਆਂ ਸ਼ੀਸ਼ੀਆਂ ਅਤੇ ਮੈਡੀਕਲ ਕੈਂਪਾਂ ਦਾ ਪ੍ਰਬੰਧ ਕਰਦੀਆਂ ਹਨ। ਜ਼ਿਆਦਾਤਰ ਰਾਜਾਂ ਵਿੱਚ ਪੇਂਡੂ ਖੇਤਰਾਂ ਵਿੱਚ ਪ੍ਰਾਇਮਰੀ ਹੈਲਥ ਸੈਂਟਰਾਂ ਵਿੱਚ ਫਸਟ-ਏਡ ਕਿੱਟਾਂ ਹਨ। ਪਰ ਇਹ ਸਾਰੇ ਯਤਨ ਬਿੰਦੂ ਤੋਂ ਖੁੰਝ ਜਾਂਦੇ ਹਨ. ਉਹ ਲਾਜ਼ਮੀ ਤੌਰ 'ਤੇ ਗਰਮੀ ਦੇ ਦੌਰੇ ਤੋਂ ਪੀੜਤ ਮਜ਼ਦੂਰਾਂ ਅਤੇ ਮਜ਼ਦੂਰਾਂ ਲਈ ਬੁਨਿਆਦੀ ਪੁਨਰ-ਸੁਰਜੀਤੀ ਉਪਾਵਾਂ ਨਾਲ ਨਜਿੱਠਦੇ ਹਨ। ਅਸੀਂ ਅਤਿਅੰਤ ਗਰਮੀ ਦੀ ਗਰਮੀ ਦੇ ਇੱਕ ਨਿਸ਼ਚਿਤ, ਆਵਰਤੀ ਪੈਟਰਨ ਦੇ ਗਵਾਹ ਹਾਂ। ਪੈਟਰਨ ਪਹਿਲਾਂ ਹੀ ਗਰਮੀਆਂ ਦਾ ਇੱਕ ਅੰਦਰੂਨੀ ਹਿੱਸਾ ਹੈ, ਅਤੇ ਮੌਸਮ ਵਿਗਿਆਨੀਆਂ ਨੂੰ ਡਰ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਚੀਜ਼ਾਂ ਹੋਰ ਵੀ ਬਦਤਰ ਹੋ ਸਕਦੀਆਂ ਹਨ। ਇਸ ਲਈ, ਸਾਨੂੰ ਬੁਨਿਆਦੀ ਤੋਂ ਵੱਧ ਬਾਰੇ ਗੱਲ ਕਰਨੀ ਚਾਹੀਦੀ ਹੈ. ਉਤਪਾਦਕਤਾ ਨੂੰ ਪ੍ਰਭਾਵਿਤ ਕੀਤੇ ਬਿਨਾਂ ਕੰਮ ਦੇ ਘੰਟਿਆਂ ਵਿੱਚ ਸੁਧਾਰ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਪਰ ਕਰਮਚਾਰੀਆਂ ਨੂੰ ਗਰਮੀ ਦੀ ਥਕਾਵਟ ਤੋਂ ਬਚਾਉਣਾ ਚਾਹੀਦਾ ਹੈ। ਕੰਮ ਦੇ ਘੰਟੇ ਆਮ ਨਾਲੋਂ ਪਹਿਲਾਂ ਸ਼ੁਰੂ ਹੋਣ ਜਾਂ ਦੇਰ ਦੁਪਹਿਰ ਅਤੇ ਸ਼ਾਮ ਦੇ ਸ਼ੁਰੂ ਵਿੱਚ ਸ਼ਿਫਟ ਕਰਨ ਦੇ ਪ੍ਰਸਤਾਵਾਂ ਦੀ ਜਾਂਚ ਕਰਨ ਯੋਗ ਹੈ। ਮਜ਼ਦੂਰਾਂ ਦੇ ਬੱਚਿਆਂ ਲਈ ਅਸਥਾਈ ਤੌਰ 'ਤੇ 'ਆਂਗਣਵਾੜੀਆਂ' ਵਿੱਚ ਬਿਜਲੀ ਦੀ ਵਿਵਸਥਾ ਅਤੇ ਸੰਭਵ ਤੌਰ 'ਤੇ ਟਰਾਂਸਪੋਰਟ ਅਤੇ ਕਰੈਚਾਂ ਦੇ ਪ੍ਰਬੰਧਾਂ ਸਮੇਤ ਬੈਕਅੱਪ ਬੁਨਿਆਦੀ ਢਾਂਚੇ ਤੋਂ ਬਿਨਾਂ ਇਹਨਾਂ ਨੂੰ ਲਾਗੂ ਕਰਨਾ ਆਸਾਨ ਨਹੀਂ ਹੈ। ਹੁਣ ਤੱਕ, ਨੈਸ਼ਨਲ ਡਿਜ਼ਾ-ਸਟਰ ਮੈਨੇਜਮੈਂਟ ਅਥਾਰਟੀ ਕੇਂਦਰ, ਰਾਜਾਂ ਅਤੇ ਗੈਰ-ਸਰਕਾਰੀ ਸੈਕਟਰ ਦੇ ਸੰਗਠਨਾਂ ਵਿੱਚ ਇੱਕ ਗਰਮੀਆਂ ਦੇ ਜਨਤਕ ਕਾਰਜ ਪ੍ਰੋਟੋਕੋਲ ਬਾਰੇ ਚਰਚਾ ਕਰਨ ਲਈ ਮੀਟਿੰਗ ਕਰ ਸਕਦੀ ਸੀ। ਅਥਾਰਟੀ ਦੀ ਵੈੱਬਸਾਈਟ ਉਸ ਖ਼ਤਰੇ ਨੂੰ ਪਛਾਣਦੀ ਹੈ ਜੋ ਬਹੁਤ ਜ਼ਿਆਦਾ ਗਰਮੀਆਂ ਵਿੱਚ ਪੈਦਾ ਹੁੰਦਾ ਹੈ। ਹੋਮਪੇਜ ਗਰਮੀ ਦੀਆਂ ਲਹਿਰਾਂ ਲਈ ਮੌਸਮ ਦਫਤਰ ਦੁਆਰਾ ਪੇਸ਼ ਕੀਤੇ ਗਏ ਮਾਪਦੰਡਾਂ ਦੀ ਸੂਚੀ ਦਿੰਦਾ ਹੈ ਅਤੇ ਫਸਟ-ਏਡ ਅਤੇ ਸਟ੍ਰੋਕ-ਰੋਕਥਾਮ ਦੇ ਉਪਾਵਾਂ ਨੂੰ ਸਪੈਲ ਕਰਦਾ ਹੈ। ਇਹ ਇਹ ਵੀ ਮੰਨਦਾ ਹੈ ਕਿ ਭਾਰਤ ਵੀ ਹੀਟਵੇਵ ਦਾ ਅਸਰ ਮਹਿਸੂਸ ਕਰ ਰਿਹਾ ਹੈ। ਪਰ ਇਹ ਸਭ ਹੈ.

> **ਅਤਿਅੰਤ ਗਰਮੀਆਂ ਲਈ ਸੰਸ਼ੋਧਿਤ ਕੰਮ ਦੇ ਘੰਟਿਆਂ ਦੇ ਪ੍ਰੋਟੋਕੋਲ ਦੀ ਲੋੜ ਹੈ**

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਸਾਬਕਾ ਪੀਈਐਸ-1*
*ਮਲੋਟ, ਪੰਜਾਬ।*

# ਲਾਂਬੂ ਲਾਉਣੇ, ਡੱਬੂਆਂ ਦੇ ਕੰਮ

-ਨੂਰ ਸੰਤੋਖਪੁਰੀ

ਅੱਜ ਕੱਲ੍ਹ ਹਰ ਪਾਸੇ ਅੱਗ ਹੀ ਅੱਗ। ਧੂੰਆਂ ਹੀ ਧੂੰਆਂ, ਅਸਮਨ ਵਿੱਚ ਧਰਤੀ ਉਪਰ ਵਰ੍ਹ ਰਹੀ ਅੱਗ। ਧਰਤੀ ਉਪਰੋਂ ਬਲ-ਬਲ ਉਠਦੀ ਉਤਾਂਹ ਅਸਮਾਨ ਵੱਲ ਜਾਂਦੀ ਅੱਗ। ਇਸ ਵਾਰ ਗਰਮੀ ਦੀ ਰੁੱਤ ਜਲਦੀ ਆਈ ਅਤੇ ਆਪਣੇ ਨਾਲ ਕਹਿਰਾਂ ਦੀ ਗਰਮੀ, ਤਪਸ਼, ਤੱਤੀਆਂ ਲੂਆਂ ਲੈ ਕੇ ਆਈ ਹੈ। ਹੁਨ-ਾਲੇ ਦੀ ਗਰਮ ਹਵਾ ਨੇ ਮੁੜ੍ਹਕੇ ਦੇ ਪਰਨਾਲੇ ਚਲਾ ਦਿੱਤੇ ਹਨ। ਜਿਹੜੇ ਲੋਕ ਗਰਮੀ ਵਿੱਚ, ਤੱਤੀਆਂ ਲੂਆਂ ਵਿਚਾਲੇ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਦੇ ਹਨ, ਉਹ ਵਾਰ-ਵਾਰ ਕਦੇ ਮੂੰਹ ਤੋਂ, ਕਦੇ ਮੱਥੇ ਤੋਂ, ਕਦੇ ਪਿੰਡੇ ਤੋਂ ਪਸੀਨਾ ਪੂੰਝਦੇ ਹਨ। ਗਰਮੀ ਦੀ ਰੁੱਤ ਨੂੰ ਬੁਰਾ ਭਲਾ ਕਹਿੰਦੇ ਹਨ। ਸਿਆਲ ਦੀ ਰੁੱਤ ਨੂੰ ਸਲਾਹੁੰਦੇ ਹਨ ਤੇ ਆਖਦੇ ਹਨ :

"ਕਹਿਰਾਂ ਵਾਲੀ ਰੁੱਤ ਗਰਮੀ ਦੀ ਆਈ!

*ਇਹਨੇ ਸਾਡੀ ਭੂਤਨੀ ਹੈ ਭੁਲਾਈ।*
*ਕੁਦਰਤ ਰਾਣੀ ਸਾਡੀ ਸੁਣ ਲੈ ਦੁਹਾਈ!*
*ਡਾਢੀ ਮੁਸ਼ਕਲ ਹੈ ਡਾਢੀ ਗਰਮੀ ਵਿੱਚ ਕਰਨੀ ਕਮਾਈ।*
*ਸੋਹਣੀ ਰੁੱਤ ਹੈ ਤੂੰ ਸਿਆਲ ਦੀ ਬਣਾਈ!*
*ਸੌਂਈਏ ਗੂੜ੍ਹੀ ਨੀਂਦ ਉਤੇ ਲੈ ਕੇ ਰਜਾਈ।*
*ਹੁਨਾਲੇ ਵਿੱਚ ਅਸੀਂ ਕਰਦੇ ਸਾਰੀ ਸਾਰੀ ਰਾਤ ਮੱਛਰਾਂ ਨਾਲ ਲੜਾਈ।"*

ਜਿਹੜੇ ਲੋਕ ਹੱਥ ਨਾਲ ਡੱਕਾ ਤੋੜਦੇ ਨਹੀਂ, ਭਾਵ ਹੱਥੀਂ ਮਿਹਨਤ ਵਾਲਾ ਕੰਮ ਕਰਦੇ ਨਹੀਂ ਅਤੇ ਏਅਰਕੰਡੀਸ਼ੰਡ ਘਰਾਂ ਵਿੱਚ ਰਹਿੰਦੇ ਹਨ, ਏ ਸੀ ਮੋਟਰ ਗੱਡੀਆਂ ਵਿੱਚ ਸਫਰ ਕਰਦੇ ਹਨ, ਹਵਾਈ ਯਾਤਰਾ ਦਾ ਮਜ਼ਾ ਲੈਂਦੇ ਹਨ, ਉਨ੍ਹਾਂ ਨੂੰ ਹੁਨਾਲ ਅਤੇ ਸਿਆਲ ਇੱਕ ਬਰਾਬਰ ਹੁੰਦੇ ਹਨ। ਜੇ ਗਰਮੀ ਦੀ ਰੁੱਤ ਵਿੱਚ ਬਾਰਿਸ਼ ਹੋ ਜਾਵੇ ਤਾਂ ਉਹ ਆਖਦੇ ਹਨ, "ਆਹਾ! ਮੌਸਮ ਕਿੰਨਾ ਸੁਹਾਵਣਾ ਹੋ ਗਿਆ। ਖਾਧਾ-ਪੀਤਾ ਸੌਖਾ ਪਚਾਵਣਾ ਹੋ ਗਿਆ।" ਭਲੇਮਾਣਸੋ! ਹੱਥੀਂ ਕੋਈ ਕੰਮ ਕਰਨਾ ਨਹੀਂ। ਖੁਦ ਉਠ ਕੇ ਪਾਣੀ ਦਾ ਗਲਾਸ ਲਿਆਉਣਾ ਨਹੀਂ। ਰੋਟੀ-ਟੁੱਕ ਹੱਥੀਂ ਪਕਾਉਣਾ ਨਹੀਂ। ਪਤਾ ਨਹੀਂ ਆਪਣੇ ਪਜਾਮਿਆਂ ਦੇ ਨਾਲੇ ਆਪਣੀਆਂ ਪੈਂਟਾਂ ਦੀਆਂ ਬੈਲਟਾਂ (ਪੇਟੀਆਂ) ਨਾਲ ਆਪ ਹੀ ਕੱਸਦੇ ਓਂ ਜਾਂ ਆਪਣੇ ਨੌਕਰਾਂ-ਚਾਕਰਾਂ ਕੋਲੋਂ ਕੱਸਵਾਉਂਦੇ ਓਂ? ਫਿਰ ਇਹ ਦੱਸੋ ਕਿ ਖਾਧਾ-ਪੀਤਾ ਤੁਹਾਨੂੰ ਸੌਖਿਆਂ ਕਿਵੇਂ ਹਜ਼ਮ ਹੋਊ? ਤੁਹਾਡੀ ਤਾਂ ਜ਼ਿੰਦਗੀ ਹੀ ਸੁਹਾਵਣੀ ਹੁੰਦੀ ਹੈ। ਤੁਹਾਡੇ ਵਾਸਤੇ ਹਰ ਰੁੱਤ ਤੇ ਹਰ ਉਮਰ ਸੁਹਾਵਣੀ ਹੁੰਦੀ ਹੈ। ਤੁਹਾਡੇ ਬਚਪਨ, ਜੁਆਨੀ ਤੇ ਬੁਢਾਪੇ ਦਾ ਭਾਵ ਹਰ ਮੌਸਮ ਸੁਹਾਵਣਾ ਤੇ ਸ਼ਾਨਦਾਰ ਹੁੰਦਾ ਹੇ। ਬੱਸ, ਤੁਹਾਨੂੰ ਇਹ ਫਿਕਰ ਹੁੰਦਾ ਹੈ ਕਿ ਜੋ ਕੁਝ ਅਸੀਂ ਖਾਈਏ-ਪੀਈਏ, ਸੌਖੀ ਤਰ੍ਹਾਂ ਪਚ ਜਾਵੇ। ਜਦੋਂ ਦੇਸ਼ ਦਾ ਮਾਲ ਛੱਕਣਾ ਹੋਵੇ, ਲੋਕਾਂ ਦਾ ਸਰਮਾਇਆ ਹੜੱਪਣਾ, ਗੜੱਪਣਾ ਹੋਵੇ, ਉਦੋਂ ਤੁਹਾਡਾ ਹਾਜ਼ਮਾ ਸੌ ਪਰਸੈਂਟ ਠੀਕ ਹੋ ਜਾਂਦਾ ਹੈ। ਫਿਰ ਤੁਸੀਂ ਡਕਾਰ ਲੈਣ ਲੱਗਿਆਂ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦੇ। ਫਿਰ ਤੁਹਾਡੇ ਲਾਲਚ ਦੀ ਅਗਨੀ (ਅੱਗ) ਪੂਰੀ ਤਰ੍ਹਾਂ ਪ੍ਰਚੰਡ ਹੋ ਜਾਂਦੀ ਹੈ।

ਜੇ ਅਸੀਂ ਆਖਿਆ ਹੈ ਕਿ ਅੱਜ ਕੱਲ੍ਹ ਹਰ ਪਾਸੇ ਅੱਗ ਹੀ ਅੱਗ ਤੇ ਧੂੰਆਂ ਹੀ ਧੂੰਆਂ ਹੈ, ਤਾਂ ਅਸੀਂ ਝੂਠ ਨਹੀਂ ਆਖਿਆ। ਅੱਜ ਕੱਲ੍ਹ ਖੇਤਾਂ ਵਿੱਚ ਅੱਗ। ਜੰਗਲਾਂ ਵਿੱਚ ਲੱਗਦੀ ਅੱਗ। ਕਿਤੇ ਮਕਾਨਾਂ ਤੇ ਦੁਕਾਨਾਂ ਨੂੰ ਲੱਗਦੀ ਅੱਗ। ਖੇਤਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਲਾਈ ਜਾਂ ਲੱਗੀ ਅੱਗ ਗਰਮੀ ਨੂੰ ਹੋਰ ਕਹਿਰਵਾਨ ਕਰ ਦਿੰਦੀ ਹੈ। ਇਹ ਖੇਤਾਂ ਵਿੱਚ ਪਲਦੇ ਮਿੱਤਰ ਕੀੜੇ-ਪਤੰਗਿਆਂ, ਪੰਛੀਆਂ ਦੇ ਬਣੇ ਆਲ੍ਹਣਿਆਂ ਅਤੇ ਹੋਰ ਜੀਵ-ਜੰਤੂਆਂ ਦੇ ਰਹਿਣ-ਆਸਰਿਆਂ ਉੱਤੇ ਕਹਿਰ ਬਣ ਕੇ ਟੁੱਟਦੀ ਹੈ। ਖੇਤਾਂ ਤੇ ਜੰਗਲਾਂ ਵਿੱਚੋਂ ਉਠਦਾ ਧੂੰਆਂ, ਭੱਠਿਆਂ, ਕਾਰਖਾਨਿਆਂ, ਮਿੱਲਾਂ ਦੀਆਂ ਚਿਮਨੀਆਂ ਵਿੱਚੋਂ ਨਿਕਲਦਾ ਅਤੇ ਬੇਸ਼ੁਮਾਰ ਕਿਸਮ ਦੀਆਂ ਮੋਟਰ ਗੱਡੀਆਂ ਦੇ ਸਾਇਲੈਂਸਰਾਂ ਤੋਂ ਨਿਕਲਦਾ ਜ਼ਹਿਰੀਲਾ ਧੂੰਆਂ ਕੁਦਰਤ ਰਾਣੀ ਦੇ ਨਾਸੀਂ ਧੂੰਆਂ ਲਿਆ ਰਿਹਾ ਹੈ। ਕੁਦਰਤ ਰਾਣੀ ਦੀਆਂ ਅੱਖਾਂ ਵਿੱਚ ਪਰਲ-ਪਰਲ ਹੰਝੂਆਂ ਦੇ ਪਰਨਾਲੇ ਵਗਦੇ ਹਨ। ਅਸੀਂ ਕਾਦਰ ਦੇ ਕਪੁੱਤਰ ਮਨੁੱਖ ਬਹੁਤ ਖੁਦਗਰਜ਼ ਹੋ ਗਏ ਹਾਂ। ਆਪਣੇ ਹੀ ਸਕੇ ਭਰਾ ਵਰਗੇ ਚੌਗਿਰਦੇ ਦੇ ਕੱਟੜ ਵੈਰੀ ਬਣ ਗਏ ਹਾਂ। ਸਾਨੂੰ ਸਿਰਫ ਤੇ ਸਿਰਫ ਆਪਣਾ ਸੁਆਰਥ ਤੇ ਮੁਨਾਫਾ ਨਜ਼ਰ ਆਉਂਦਾ ਹੈ। ਅੱਗ ਵਰ੍ਹਦੀ ਹੈ ਤਾਂ ਬਹੇ ਵਰ੍ਹਦੀ। ਅੱਗ ਲੱਗਦੀ ਹੈ ਤਾਂ ਰਹੇ ਲੱਗਦੀ। ਫੈਲਦੀ ਹੈ ਤਾਂ ਰਹੇ ਫੈਲਦੀ। ਤਪਸ਼ ਵਧਦੀ ਹੈ ਤਾਂ ਰਹੇ ਵਧਦੀ। ਮਿੱਟੀ, ਪਾਣੀ ਤੇ ਹਵਾ ਦੀ ਅਲੂਦਗੀ ਜੇ ਸਾਡੇ ਭਰਾ ਚੌਗਿਰਦੇ ਨੂੰ ਬਰਬਾਦ ਕਰਦੀ ਹੈ ਤਾਂ ਰਹੇ ਕਰਦੀ, ਸਾਨੂੰ ਕੀ? ਸਾਨੂੰ ਕੋਈ ਸ਼ੌਕ ਨਹੀਂ ਕਾਦਰ ਦੇ ਸਪੁੱਤਰ ਬਣਨ ਦਾ। ਕੁਦਰਤ ਰਾਣੀ ਦੀਆਂ ਅੱਖਾਂ ਦੇ ਅੱਥਰੂ ਪੂੰਝਣ ਦਾ। ਸਾਨੂੰ ਬੱਸ ਆਪਣੀ ਅਤੇ ਆਪਣਿਆਂ ਦੀ ਫਿਕਰ ਹੈ। ਇਸ ਤਰ੍ਹਾਂ ਦਾ ਬੜਾ ਕੁਝ ਸਾਡੇ ਮਨੁੱਖਾਂ ਵਿਚੋਂ ਹੀ ਬੜੇ ਮਨੁੱਖ ਸੋਚਦੇ ਤੇ ਕਰਦੇ ਹਨ। ਯਾਨੀ ਲਾਂਬੂ ਲਾਉਣੇ ਤੇ ਭਾਂਬੜ ਮਚਾਉਣ ਸਾਡੇ ਡੱਬੂਆਂ ਦੇ ਕੰਮ।



ਗੁੱਸੇ, ਨਫਰਤ ਅਤੇ ਫਿਰਕਾਪ੍ਰਸਤੀ, ਦੁਸ਼ਮਣੀ ਦੀ ਅੱਗ ਕਈ ਘਰ ਤਬਾਹ ਕਰ ਦਿੰਦੀ ਹੈ। ਸਾੜੇ, ਈਰਖਾ ਦਾ ਧੂੰਆਂ ਕਈਆਂ ਦਾ ਅਕਸ ਧੁਆਂਖ ਕੇ ਰੱਖ ਦਿੰਦਾ ਹੈ। ਲੋਕਾਂ ਨੂੰ ਸੌਖੇ ਸਾਹ ਨਹੀਂ ਲੈਣ ਦਿੰਦਾ। ਲੋਕਾਂ ਦਾ ਦਮ ਘੁਟਦਾ ਹੈ। ਸੀਨਿਆਂ ਅੰਦਰ ਬਦਲਾ ਲੈਣ ਦੀ ਸੁਲਗਦੀ ਅੱਗ ਵੀ ਬਹੁਤ ਖਤਰਨਾਕ ਹੁੰਦੀ ਹੈ। ਜਦੋਂ ਇਹ ਬਲਦੀ ਹੈ, ਮੱਚਦੀ ਹੈ ਤਾਂ ਭਾਂਬੜਾਂ ਮੱਚ ਉਠਦੇ ਹਨ ਤੇ ਕਈ ਪਰਵਾਰ, ਸਮਾਜ ਤੇ ਦੇਸ਼ ਬਰਬਾਦ ਹੋ ਜਾਂਦੇ ਹਨ। ਬਲਦੀ ਅੱਗ ਉਤੇ ਤੇਲ, ਬਾਲਣ, ਫੂਸ ਵਗੈਰਾ ਪਾਉਣ ਵਾਲੇ ਬਹੁਤ ਖਤਰਨਾਕ ਹੁੰਦੇ ਹਨ। ਬਲਦੀ ਅੱਗ ਨੂੰ ਬੁਝਾਉਣ ਵਾਲੇ ਸੂਝਵਾਨ ਤੇ ਮਹਾਨ ਹੁੰਦੇ ਹਨ। ਇਹੀ ਲੋਕ ਦੁਨੀਆ ਨੂੰ ਬਚਾਉਣ ਵਾਲੇ ਹੁੰਦੇ ਹਨ। ਸਾਨੂੰ ਇਹੋ ਜਿਹੇ ਲੋਕਾਂ ਦੀ ਲੋੜ ਹੈ। ਕਿਸੇ ਵੀ ਤਰ੍ਹਾਂ ਦੀ ਅੱਗ ਲਾਉਣ ਵਾਲੇ ਕਿਸੇ ਵੀ ਸ਼ਖਸ ਦੀ ਲੋੜ ਨਹੀਂ। ਜਿਹੜੇ ਨੇਤਾ ਆਪਣੀਆਂ ਗੱਦੀਆਂ ਖਾਤਰ ਨਫਰਤ, ਹਿੰਸਾ, ਫਿਰਕਾਪ੍ਰਸਤੀ ਆਦਿ ਦੀ ਅੱਗ ਭੜਕਾਉਂਦੇ ਹਨ, ਸਾਨੂੰ ਅਜਿਹੇ ਨੇਤਾਵਾਂ ਦੀ ਵੀ ਲੋੜ ਨਹੀਂ। ਹਾਂ ਅੱਗ ਬਲਣੀ ਚਾਹੀਦੀ ਹੈ ਹਰੇਕ ਚੁੱਲ੍ਹੇ ਵਿੱਚ। ਦੇਸ਼ਭਗਤੀ ਦੀ ਅਗਨੀ ਹਰੇਕ ਸੀਨੇ ਅੰਦਰ ਮਘਣੀ ਚਾਹੀਦੀ ਹੈ। ਅੱਗ ਸ਼ਕਤੀ ਤੇ ਊਰਜਾ ਦਾ ਸੋਮਾ ਵੀ ਹੁੰਦੀ ਹੈ।

# ਇਆਲੀ ਖੁਰਦ ’ਚ ਅਧਿਆਪਕਾਂ ਵੱਲੋਂ ਨਕਲ ਕਾਰਨ ਪ੍ਰੀਖਿਆ ਰੱਦ

ਐਸ ਏ ਐਸ ਨਗਰ, 17 ਮਈ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਇਆਲੀ ਖੁਰਦ, ਜ਼ਿਲ੍ਹਾ ਲੁਧਿਆਣਾ ਵਿੱਚ 16 ਮਈ ਨੂੰ ਹੋਈ ਸਾਲਾਨਾ ਪ੍ਰੀਖਿਆ ਰੱਦ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਦਸਵੀਂ ਜਮਾਤ ਨਾਲ ਸਬੰਧਤ ਮੈਥ ਵਿਸ਼ੇ ਦੇ ਪੇਪਰ ਵਿੱਚ ਸਮੂਹਿਕ ਨਕਲ ਦੇ ਮਾਮਲੇ ਸਾਹਮਣੇ ਆਉਣ ਕਰ ਕੇ ਮੈਨੇਜਮੈਂਟ ਨੇ ਇਹੋ ਜਿਹਾ ਫੈਸਲਾ ਲਿਆ ਹੈ। ਪਤਾ ਲੱਗਾ ਹੈ ਕਿ ਕੱਲ੍ਹ ਦਸਵੀਂ ਜਮਾਤ ਟਰਮ-2 ਮੈਥ ਵਿਸ਼ੇ ਦਾ ਪੇਪਰ ਸੀ ਅਤੇ ਇਆਲੀ ਖੁਰਦ ਦੇ ਇਸ ਪ੍ਰੀਖਿਆ ਕੇਂਦਰ ਵਿੱਚ 250 ਵਿਦਿਆਰਥੀ ਪ੍ਰੀਖਿਆ ਦੇ ਰਹੇ ਸਨ, ਜਿਸ ਬਾਰੇ ਬੋਰਡ ਮੈਨੇਜਮੈਂਟ ਨੂੰ ਕਿਸੇ ਨੇ ਨਕਲ ਕਰਾਉਣ ਦੇ ਸਬੂਤਾਂ ਸਹਿਤ ਵੀਡੀਓ ਉਤੇ ਸ਼ਿਕਾਇਤ ਦਿੱਤੀ ਸੀ, ਜਿਸ ਪਿੱਛੋਂ ਪ੍ਰੀਖਿਆ ਕੇਂਦਰ ਵਿੱਚ ਕੰਟਰੋਲਰ ਅਤੇ ਆਬਜ਼ਰਵਰ ਨੂੰ ਵੀ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। ਬੋਰਡ ਵੱਲੋਂ ਜਾਰੀ ਵੇਰਵਿਆਂ




ਅਨੁਸਾਰ ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਸੀ, ਜਿਸ ਵਿਰੁੱਧਇਸ ਸਕੂਲ ਦੇ ਮੈਥ ਦੇ ਅਧਿਆਪਕਾਂ ਨੇ ਸ਼ੋਰ-ਸ਼ਰਾਬਾ ਸ਼ੁਰੂ ਕਰ ਦਿੱਤਾ ਅਤੇ ਪ੍ਰੀਖਿਆ ’ਚ ਵਿਘਨ ਪਿਆ। ਇਸ ਬਾਰੇ ਬੋਰਡ ਨੇ ਡੀ ਜੀ ਐਸ ਈ (ਡਾਇਰੈਕਟਰ ਜਨਰਲ ਸੈਕੰਡਰੀ ਐਜੂਕੇਸ਼ਨ) ਨੂੰ ਵੀ ਪੱਤਰ ਲਿਖਿਆ ਅਤੇ ਸਕੂਲ ਦੇ ਇਨ੍ਹਾਂ ਅਧਿਆਪਕਾਂ ਤੇ ਪ੍ਰੀਖਿਆ ਕੇਂਦਰ ਦੇ ਸਟਾਫ ਤੋਂ ਸਪੱਸ਼ਟੀਕਰਨ ਮੰਗਦਿਆਂ ਬੋਰਡ ਮੈਨੇਜਮੈਂਟ ਨੇ ਇਸ ਦੀ ਪੜਤਾਲ ਲਈ ਵੱਖਰਾ ਜਾਚ ਅਫਸਰ ਨਿਯੁਕਤ ਕੀਤਾ ਹੈ। ਅਕਾਦਮਿਕ ਸਾਲ 2021-22 ਨਾਲ ਸਬੰਧਤ ਪ੍ਰੀਖਿਆਵਾਂ ਵਿੱਚ ਨਕਲ ਦਾ ਇਹ ਪਹਿਲਾ ਅਜਿਹਾ ਮਾਮਲਾ ਹੈ, ਜਿਸ ਕਰ ਕੇ ਕਿਸੇ ਪ੍ਰੀਖਿਆ ਕੇਂਦਰ ਵਿੱਚ ਪੇਪਰ ਰੱਦ ਕਰਨਾ ਪਿਆ ਹੋਵੇ।

# ਭਾਰਤ ਸਰਕਾਰ ਨੇ ਕਣਕ ਦੇ 40 ਟਰੱਕ ਅਫ਼ਗਾਨਿਸਤਾਨ ਨੂੰ ਭੇਜੇ

ਅੰਮ੍ਰਿਤਸਰ, 17 ਮਈ (ਪੋਸਟ ਬਿਊਰੋ)- ਭਾਰਤ ਨੇ ਅਫ਼ਗਾਨਿਸਤਾਨ ਦੇ ਨਾਗਰਿਕਾਂ ਦੀ ਮਦਦ ਲਈ ਅਟਾਰੀ ਸਰਹੱਦ ਤੋਂ ਵਾਇਆ ਪਾਕਿਸਤਾਨ ਕੱਲ੍ਹ ਚੌਥੀ ਖੇਪ ਦੇ ਕਣਕ ਨਾਲ ਭਰੇ 40 ਟਰੱਕ ਅਫ਼ਗਾਨਿਸਤਾਨ ਭੇਜੇ ਹਨ। ਇਹ ਕਣਕ ਲੈਣ ਲਈ ਕੱਲ੍ਹ ਸਵੇਰੇ ਭਾਰਤੀ ਅਟਾਰੀ ਸਰਹੱਦ ਉੱਤੇ ਪੁੱਜੇ ਅਫ਼ਗਾਨੀ ਟਰੱਕਾਂ ਵਿੱਚ ਕਣਕ ਦੀ ਲਦਾਈ ਕਰ ਕੇ ਕੱਲ੍ਹ ਸ਼ਾਮ ਅਫ਼ਗਾਨਿਸਤਾਨੀ ਟਰੱਕਾਂ ਨੂੰ ਹਰੀ ਝੰਡੀ ਲਹਿਰਾ ਕੇ ਰਵਾਨਾ ਕੀਤਾ ਗਿਆ।



ਇਸ ਬਾਰੇ ਭਾਰਤ ਦੇ ਕਸਟਮ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਨੇਦੋ ਮਹੀਨੇ ਪਹਿਲਾਂ 22 ਫਰਵਰੀ ਨੂੰ ਅਫ਼ਗਾਨਿਸਤਾਨ ਸਰਕਾਰ ਦੀ ਮਦਦ ਲਈ ਉਥੋਂ ਦੇ ਨਾਗਰਿਕਾਂ ਲਈ ਤੋਹਫ਼ੇ ਵਜੋਂ ਪਹਿਲੀ ਖੇਪ ਕਣਕ ਭੇਜੀ ਸੀ ਉਸੇ ਲੜੀ ਹੇਠ ਕੱਲ੍ਹ ਚੌਥੀ ਖੇਪ ਦੇ ਭਰੇ 40 ਵੱਡੇ ਟਰੱਕ, ਜਿਨ੍ਹਾਂ ਵਿੱਚ ਦੋ ਹਜ਼ਾਰ ਮੀਟਰਕ ਟਨ ਕਣਕ ਹੈ, ਅਫ਼ਗਾਨਿਸਤਾਨ ਨੂੰ ਭੇਜੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਫ਼ਗਾਨਿਸਤਾਨ ਵੱਲੋਂ ਭੇਜੇ ਜਾ ਰਹੇ ਟਰੱਕਾਂ ਵਿੱਚ ਲੋਡ ਕਰ ਕੇ ਆਉਣ ਵਾਲੇ ਦਿਨਾਂ ਵਿੱਚ 20 ਹਜ਼ਾਰ ਮੀਟਰਕ ਟਨ ਕਣਕ ਹੋਰ ਭੇਜੀ ਜਾਵੇਗੀ।

# ਸਨੌਰ ਦੇ ਵਿਧਾਇਕ ਪਠਾਣਮਾਜਰਾ ਨੂੰ ਨੋਟਿਸ ਜਾਰੀ

## ਨਵਾਂਸ਼ਹਿਰ ਤੋਂ ਬਸਪਾ ਦੇ ਇੱਕਲੌਤੇ ਵਿਧਾਇਕ ਦੀ ਚੋਣ ਨੂੰ ਵੀ ਚੁਣੌਤੀ

ਚੰਡੀਗੜ੍ਹ, 17 ਮਈ (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਸਨੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ਉੱਤੇ ਸਕਰੂਟਨੀ ਕਰਨ ਪਿੱਛੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜੁਡੀਸ਼ਲ ਜਸਟਿਸ ਰਾਜਨ ਨੰਦਾ ਨੇ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਇਸ ਪਟੀਸ਼ਨ ਦੀ ਸੁਣਵਾਈ 15 ਜੁਲਾਈ ਨੂੰ ਅਦਾਲਤੀ ਬੈਂਚ ਮੂਹਰੇ ਹੋਵੇਗੀ।

ਹਰਮੀਤ ਸਿੰਘ ਪਠਾਣਮਾਜਰਾ ਵਿਰੁੱਧ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦਾਖ਼ਲ ਕੀਤੀ ਪਟੀਸ਼ਨ ਵਿੱਚ ਦੋਸ਼ ਲਾਇਆ ਸੀ ਕਿ ਪਠਾਨ ਮਾਜਰਾ ਵਿਰੁੱਧ ਦੋ ਕੇਸ ਦਰਜ ਸਨ ਤੇ ਇਨ੍ਹਾਂ ਕੇਸਾਂ ਵਿੱਚ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ, ਪਰ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵੇਲੇ ਪਠਾਣਮਾਜਰਾ ਨੇ ਚੋਣ ਕਮਿਸ਼ਨ ਤੋਂ ਇਹ ਜਾਣਕਾਰੀ ਲੁਕਾ ਲਈ ਸੀ। ਬਾਅਦ ਵਿੱਚ




ਚੋਣ ਕਮਿਸ਼ਨ ਕੋਲ ਇਸ ਦੀ ਸ਼ਿਕਾਇਤ ਕੀਤੀ ਤਾਂ ਚੋਣ ਕਮਿਸ਼ਨ ਦੀ ਹਿਦਾਇਤ ਉੱਤੇਹਰਮੀਤ ਸਿੰਘ ਪਠਾਣਮਾਜਰਾ ਵਿਰੁੱਧ ਇੱਕ ਹੋਰ ਸ਼ਿਕਾਇਤ ਵੀ ਦਰਜ ਕੀਤੀ ਗਈ। ਇਸੇ ਉੱਤੇਕੱਲ੍ਹ ਹਰਮੀਤ ਸਿੰਘ ਪਠਾਣ ਮਾਜਰਾ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਦੂਸਰੇ ਪਾਸੇ ਨਵਾਂਸ਼ਹਿਰ ਤੋਂ ਜਿੱਤੇ ਹੋਏ ਬਹੁਜਨ ਸਮਾਜ ਪਾਰਟੀ ਦੇ ਇੱਕਲੌਤੇ ਵਿਧਾਇਕ ਨਛੱਤਰਪਾਲ ਦੀ ਚੋਣ ਨੂੰ ਚੁਣੌਤੀ ਦਿੰਦੀਆਂ ਦੋ ਪਟੀਸ਼ਨਾਂ ਉੱਤੇ ਇਤਰਾਜ਼ ਲੱਗ ਗਏ ਹਨ। ਪਟੀਸ਼ਨਰ ਬਰਜਿੰਦਰ ਸਿੰਘ ਤੇ ਸੰਨੀ ਸਿੰਘ ਨੂੰ ਇਹ ਇਤਰਾਜ ਦੂਰ ਕਰਨ ਲਈ ਸਮਾਂ ਦਿੱਤਾ ਗਿਆ ਹੈ। ਨਛੱਤਰ ਪਾਲ ਦੇ ਮੁਕਾਬਲੇ ਆਜ਼ਾਦ ਚੋਣ ਲੜਨ ਵਾਲੇ ਸੰਨੀ ਸਿੰਘ ਨੇ ਕਿਹਾ ਸੀ ਕਿ ਪਹਿਲਾਂ ਬਹੁਜਨ ਸਮਾਜ ਪਾਰਟੀ ਨੇ ਟਿਕਟ ਨਛੱਤਰ ਪਾਲ ਨੂੰ ਦਿੱਤੀ ਗਈ, ਪਰ ਬਾਅਦ ਵਿੱਚ ਇਹ ਹੀ ਟਿਕਟ ਬਰਜਿੰਦਰ ਸਿੰਘ ਨੂੰ ਦੇ ਦਿੱਤੀ ਗਈ ਤੇ ਦੋਵਾਂ ਨੇ ਨਾਮਜ਼ਦਗੀਆਂ ਭਰੀਆਂ ਸੀ। ਦੋਸ਼ ਇਹ ਹੈ ਕਿ ਨਾਮਜ਼ਦਗੀ ਵੇਲੇ ਨਛੱਤਰ ਪਾਲ ਨੇ ਇਹ ਤੱਥ ਲੁਕਾਇਆ ਕਿ ਪਾਰਟੀ ਨੇ ਉਨ੍ਹਾਂ ਤੋਂ ਟਿਕਟ ਵਾਪਸ ਲੈ ਲਈ ਸੀ। ਇਸ ਤੋਂ ਬਿਨਾ ਇਹ ਦੋਸ਼ ਵੀ ਲਾਇਆ ਗਿਆ ਹੈ ਕਿ ਨਾਮਜ਼ਦਗੀ ਕਾਗਜ਼ ਪੇਸ਼ ਕਰਨ ਵੇਲੇ ਦਾਖ਼ਲ ਐਫੀਡੇਵਿਟ ਵਿੱਚ ਵੀ ਤੱਥ ਲੁਕਾਏ ਗਏ ਹਨ ਕਿ ਨਛੱਤਰ ਪਾਲ ਵਿਰੁੱਧ ਇੱਕ ਕੇਸ ਵਿਚਾਰ ਅਧੀਨ ਹੈ। ਇਸ ਤੋਂ ਇਲਾਵਾ ਐਫੀਡੇਵਿਟ ਦੀ ਟਿਕਟ ਵੀ ਘੱਟ ਪੈਸਿਆਂ ਵਾਲੀ ਲਾਏ ਜਾਣ ਦਾ ਦੋਸ਼ ਪਟੀਸ਼ਨ ਵਿੱਚ ਲਗਾਇਆ ਗਿਆ ਹੈ।

# ਕਾਹਮਾ ਦੇ ਨੌਜਵਾਨ ਦੀ ਊਨਾ ਨੇੜੇ ਡੁੱਬਣ ਨਾਲ ਮੌਤ

ਮੱਲਪੁਰ, 17 ਮਈ (ਪੋਸਟ ਬਿਊਰੋ)- ਪਿੰਡ ਕਾਹਮਾ ਦੇ ਨੌਜਵਾਨ ਦੀ ਊਨਾ ਨੇੜੇ ਡੈਮ ਦੇ ਪਾਣੀ ਵਿੱਚ ਡੁੱਬ ਕੇ ਮੌਤ ਹੋਣ ਦੀ ਖ਼ਬਰ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਪ੍ਰਦੀਪ ਸਿੰਘ ਉਰਫ਼ ਵਿਪਨ (25) ਆਪਣੇ ਉਸਤਾਦ ਨਾਲ ਬਲਾਚੌਰ ਤੋਂ ਗਏ ਸੰਗ ਨਾਲ ਬਾਬਾ ਬਾਲਕ ਨਾਥ ਹਿਮਾਚਲ ਪ੍ਰਦੇਸ਼ ਵਿਖੇ ਮੱਥਾ ਟੇਕਣ ਗਿਆ ਸੀ। ਜਦੋਂ ਉਹ ਊਨਾਨੇੜੇ ਰੁਕੇ ਤਾਂ ਉਹ ਰੋਡ ਤੋਂ ਆਪਣੇ ਸਾਥੀਆਂ ਸਮੇਤ ਡੈਮ ਦੇ ਲੰਘ ਰਹੇ ਪਾਣੀ ਵਿੱਚ ਨਹਾਉਣ ਲਈ ਪਹਾੜੀ ਤੋਂ ਹੇਠਾਂ ਉਤਰ ਗਏ। ਜਦੋਂ ਉਸ ਨੇ ਪਾਣੀ ਵਿੱਚ ਛਾਲ ਲਾਈ ਤਾਂ ਪਾਣੀ ਵਿੱਚੋਂ ਬਾਹਰ ਨਹੀਂ ਆਇਆ ਤਾਂ ਉਸ ਦੇ ਸਾਥੀਆਂ ਨੇ ਰੌਲਾ ਪਾਇਆ। ਪ੍ਰਸ਼ਾਸਨ ਦੀ ਕਾਫ਼ੀ ਮਿਹਨਤ ਨਾਲ 20 ਘੰਟੇ ਬਾਅਦ ਪਾਣੀ ਵਿੱਚੋਂ ਉਸਦੀ ਲਾਸ਼ ਮਿਲੀ। ਵਿਪਨ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਹਫ਼ਤੇ ਤਕ ਉਸ ਨੇ ਸਾਊਦੀ ਅਰਬ ਜਾਣਾ ਸੀ। ਉਹ ਵਧੀਆ ਦੌੜਾਕ ਵੀ ਸੀ ਤੇ ਕਾਫ਼ੀ ਮੈਡਲਾਂ ਨਾਲ ਉਸ ਦਾ ਸਨਮਾਨ ਵੀ ਹੋ ਚੁੱਕਾ ਸੀ।

# ਪੰਚਾਇਤ ਮੰਤਰੀ ਨੇ ਨਵੇਂ 19 ਐਸ ਡੀ ਓਜ਼ ਨੂੰ ਨਿਯੁਕਤੀ ਪੱਤਰ ਵੰਡੇ

ਐਸ ਏ ਐਸ ਨਗਰ (ਮੋਹਾਲੀ), 17 ਮਈ (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੱਲ੍ਹ ਇੱਥੋਂ ਫੇਜ਼ ਅੱਠ ਵਿਚਲੇ ਵਿਭਾਗ ਦੇ ਮੁੱਖ ਦਫਤਰ ਵਿਕਾਸ ਭਵਨ ਵਿੱਚ ਵਿਭਾਗ ਵਿੱਚ ਨਵ-ਨਿਯੁਕਤ 19 ਉਪ ਮੰਡਲ ਅਫਸਰਾਂ ਨੂੰ ਨਿਯੁਕਤੀ ਪੱਤਰ ਦਿੱਤੇ।




ਇਸ ਮੌਕੇ ਬੋਲਦਿਆਂ ਪੰਚਾਇਤ ਮੰਤਰੀ ਨੇ ਨਵ-ਨਿਯੁਕਤ ਅਧਿਕਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਹਰ ਨੌਜਵਾਨ ਨੂੰ ਆਪਣੀ ਜ਼ਿੰਦਗੀ ਵਿੱਚ ਕੋਈ ਨਾ ਕੋਈ ਟੀਚਾ ਜ਼ਰੂਰ ਮਿਥਣਾ ਚਾਹੀਦਾ ਹੈ ਅਤੇ ਟੀਚਾ ਪ੍ਰਾਪਤ ਹੋਣ ਤਕ ਪਿੱਛੇ ਨਹੀਂ ਹਟਣਾ ਚਾਹੀਦਾ। ਉਨ੍ਹਾ ਨਵ ਨਿਯੁਕਤ ਅਫਸਰਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਦਾ ਸੱਦਾ ਦਿੰਦਿਆਂ ਸਖਤ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਆਪਣੇ ਵਿਭਾਗ ਅਤੇ ਪੰਜਾਬ ਲਈ ਕਾਰਜਸ਼ੀਲ ਹੋਣ ਦਾ ਸੱਦਾ ਦਿੱਤਾ।ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਦੇਣ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਬਣਦਿਆਂ ਦੂਜੇ ਮਹੀਨੇ ਹੀ 26 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਲਈ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੈ ਤੇ ਸਾਰੇ ਵਿਭਾਗਾਂ ਦੀਆਂ ਖਾਲੀ ਆਸਾਮੀਆਂ ਦੇ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ ਅਤੇ ਜਲਦੀ ਹੀ ਸਰਕਾਰੀ ਨੌਕਰੀਆਂ ਲਈ ਹੋਰ ਵੱਡੇ ਪੱਧਰ ਉੱਤੇ ਭਰਤੀ ਕੀਤੀ ਜਾਵੇਗੀ। ਉਨ੍ਹਾਂ ਵਿਭਾਗ ਦੀ ਕਬਜ਼ੇ ਛੁਡਾਊ ਮੁਹਿੰਮ ਨੂੰ ਸਫਲ ਦੱਸਦਿਆਂ ਕਿਹਾ ਕਿ ਕਾਬਜ਼ਕਾਰ ਹੁਣ ਖੁਦ ਹੀ ਕਬਜ਼ੇ ਛੱਡ ਰਹੇ ਹਨ।

# ਬੱਚੇ ਨੂੰ ਨੰਗਾ ਕਰ ਕੇ ਡੰਡਿਆਂ ਨਾਲ ਕੁੱਟਣ ਦੀ ਵੀਡੀਓ ਵਾਇਰਲ

## * ਨੱਕ ਨਾਲ ਲਕੀਰਾਂ ਵੀ ਕਢਵਾਈਆਂ ਗਈਆਂ



ਮਲੋਟ, 17 ਮਈ (ਪੋਸਟ ਬਿਊਰੋ)- ਅਪਣੀ ਪਤਨੀ ਦੇ ਹੁੰਦਿਆਂ ਦੂਸਰੀ ਔਰਤ ਨਾਲ ਨਾਜਾਇਜ਼ ਸਬੰਧ ਰੱਖਦੇ ਇੱਕ ਵਿਅਕਤੀ ਨੇ ਦੂਸਰੀ ਔਰਤ ਦੇ 12 ਸਾਲਾ ਬੱਚੇ ਨੂੰ ਅਲਫ ਨੰਗਾ ਕਰ ਕੇ ਡੰਡੇ ਨਾਲ ਕੁੱਟਮਾਰ ਕੀਤੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਜਨਤਕ ਹੋਣ ਪਿੱਛੋਂ ਕਾਰਵਾਈ ਹੋ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਮਲੋਟ ਸ਼ਹਿਰ ਦੀ ਵਸਨੀਕ ਪੀੜਤ ਔਰਤ ਦੇ ਘਰ ਅਰਸ਼ਦੀਪ ਸਿੰਘ ਦਾ ਕਾਫੀ ਸਮੇਂ ਤੋਂ ਆਉਣਾ ਜਾਣਾ ਹੈ। ਉਸ ਨਾਲ ਕਾਫ਼ੀ ਸਮਾਂ ਪਹਿਲਾਂ ਨਾਜਾਇਜ਼ ਸੰਬੰਧ ਬਣ ਗਏ ਜਿਸ ਕਾਰਨ ਉਸ ਦੇ ਭੈਣ ਭਰਾ ਅਤੇ ਪਤੀ ਉਸ ਨੂੰ ਛੱਡ ਚੁੱਕੇ ਹਨ ਤੇ ਉਹ ਅਰਸ਼ਦੀਪ ਸਿੰਘ ਦੇ ਸਹਾਰੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਹੈ। ਬੀਤੇ ਸਾਲ ਦਸੰਬਰ ਮਹੀਨੇ ਅਰਸ਼ਦੀਪ ਦਾ ਵਿਆਹ ਹੋ ਗਿਆ ਅਤੇ ਉਹ ਆਪਣੀ ਪਤਨੀ ਨੂੰ ਲੈ ਕੇ ਉਨ੍ਹਾਂ ਦੇ ਘਰ ਆਇਆ। ਇਸ ਦੌਰਾਨ ਉਸ ਦੇ 12 ਸਾਲਾ ਬੇਟੇ ਨੇ ਅਰਸ਼ਦੀਪ ਸਿੰਘ ਦੀ ਪਤਨੀ ਦੇ ਸਰੀਰ ਨੂੰ ਹੱਥ ਲਾ ਦਿੱਤਾ ਤਾਂ ਅਰਸ਼ਦੀਪ ਸਿੰਘ ਭੜਕ ਗਿਆ ਅਤੇ ਉਸ ਨੇ 7 ਮਈ ਨੂੰ ਬੱਚੇ ਨੂੰ ਅਲਫ ਨੰਗਾ ਕਰ ਕੇ ਡੰਡੇ ਨਾਲ ਬੇਰਹਿਮੀ ਨਾਲ ਕੁੱਟਮਾਰ ਕਰ ਦਿੱਤੀ ਤੇ ਨੱਕ ਨਾਲ ਲਕੀਰਾਂ ਕੱਢਣ ਲਈ ਕਿਹਾ। ਉਹ ਆਪਣੇ ਬੱਚੇ ਦੀ ਜਾਨ ਬਖ਼ਸ਼ਣ ਲਈ ਮਿੰਨਤਾਂ ਕਰਦੀ ਰਹੀ ਜਿਸ ਪਿੱਛੋਂ ਅਰਸ਼ਦੀਪ ਸਿੰਘ ਨੇ ਉਸ ਨੂੰ ਵੀ ਬੇਰਹਿਮੀ ਨਾਲ ਕੁੱਟਿਆ। ਸਰੀਰ ਤੇ ਕੁੱਟਮਾਰ ਦੇ ਨਿਸ਼ਾਨਾਂ ਨਾਲ ਦੋਹਾਂ ਦਾ ਸਰੀਰ ਨੀਲਾ ਹੋ ਗਿਆ। ਕੁੱਟਮਾਰ ਪਿੱਛੋਂ ਅਰਸ਼ਦੀਪ ਸਿੰਘ ਨੇ ਧਮਕਾਇਆ ਕਿ ਜੇ ਉਨ੍ਹਾਂ ਨੇ ਕਿਸੇ ਨੂੰ ਦੱਸਣ ਦੀ ਕੋਸ਼ਿਸ਼ ਵੀ ਕੀਤੀ ਤਾਂ ਬੱਚਿਆਂ ਦੇ ਹੱਥ ਪੈਰ ਤੋੜ ਕੇ ਸ਼ਹਿਰ ਵਿੱਚ ਭੀਖ ਮੰਗਾਵਾਂਗਾ।

ਅਰਸ਼ਦੀਪ ਨੇ ਬੱਚੇ ਦੀ ਕੁੱਟਮ-ਾਰ ਦੀ ਗੱਲ ਕਬੂਲ ਕਰ ਲਈ, ਪਰ ਇਹ ਕਿਹਾ ਕਿ ਐਨੀ ਗੱਲ ਹੈ ਨਹੀਂ ਸੀ ਜਿੰਨੀ ਵੀਡੀਓ ਵਾਇਰਲ ਕਰਕੇ ਬਣਾਈ ਜਾ ਰਹੀ ਹੈ। ਪੀੜਤ ਮਾਂ ਪੁੱਤ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਹੈ। ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ। ਕੁੱਟਮਾਰ ਦਾ ਵੀਡੀਓ 10 ਦਿਨ ਪੁਰਾਣਾ ਹੋਣ ਦੇ ਬਾਵਜੂਦ ਬੱਚੇ ਤੇ ਔਰਤ ਦੇ ਸਰੀਰ ਤੇ ਅਜੇ ਵੀ ਸੱਟਾਂ ਦੇ ਨਿਸ਼ਾਨ ਸਾਫ਼ ਦਿਖਾਈ ਦੇ ਰਹੇ ਹਨ।

# ਦਿਨ-ਦਿਹਾੜੇ ਡਰਾਈਵਰ ਦੀਆਂ ਅੱਖਾਂ ਵਿੱਚ ਸਪਰੇਅ ਮਾਰ ਕੇ ਕਾਰ ਲੁੱਟ ਲਈ



ਅੰਮ੍ਰਿਤਸਰ, 17 ਮਈ (ਪੋਸਟ ਬਿਊਰੋ)- ਕੱਲ੍ਹ ਦਿਨ-ਦਿਹਾੜੇ ਸ਼ਹਿਰ ਦੇ ਭੀੜ ਵਾਲੇ ਖੇਤਰ ਵੀ ਆਰ ਮਾਲ (ਪਹਿਲਾਂ ਟ੍ਰਿਲਿਅਮ ਮਾਲ) ਦੇ ਸਾਹਮਣੇ ਇੱਕ ਹੋਟਲ ਮਾਲਕ ਦੀ ਕਾਰ ਨੂੰ ਦੋ ਲੁਟੇਰੇ ਲੁੱਟ ਕੇ ਲੈ ਗਏ।ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਇਹ ਘਟਨਾ ਹੋਈ, ਉਥੇ ਕੁਝ ਦੂਰ ਪੁਲਸ ਦਾ ਇੱਕ ਬੂਥ ਬਣਿਆ ਹੋਇਆ ਹੈ।

ਇਸ ਸਾਰੀ ਘਟਨਾ ਬਾਰੇ ਮਨੀ ਨੇ ਦੱਸਿਆ ਕਿ ਉਨ੍ਹਾਂ ਦਾ ਸਟੇਸ਼ਨ ਕੋਲ ਇੱਕ ਹੋਟਲ ਹੈ ਅਤੇ ਉਹ ਸ਼ਾਮ ਦੇ ਚਾਰ ਵਜੇ ਆਪਣੇ ਕਿਸੇ ਪਛਾਣ ਦੇ ਦਫ਼ਤਰ ਵਿੱਚ ਗੱਲਬਾਤ ਕਰਨ ਆਏ ਸਨ। ਇਸ ਦੌਰਾਨ ਉਨ੍ਹਾਂ ਦਾ ਡਰਾਈਵਰ ਬਲਬੀਰ ਸਿੰਘ ਉਨ੍ਹਾਂ ਦੇ ਨਾਲ ਸੀ। ਡਰਾਈਵਰ ਨੇ ਸਾਨੂੰ ਕਾਰ ਤੋਂ ਉਤਾਰ ਕੇ ਕਾਰ ਛਾਂ ਹੇਠ ਖੜ੍ਹੀ ਕਰ ਦਿੱਤੀ। ਓਥੇਦੋ ਨੌਜਵਾਨ ਪੈਦਲ ਆਏ, ਜਿਨ੍ਹਾਂ ਨੇ ਆਪਣੇ ਮੂੰਹ ਉੱਤੇ ਮਾਸਕ ਲਾਇਆ ਹੋਇਆ ਸੀ।ਇਨ੍ਹਾਂ ਵਿੱਚੋਂ ਇੱਕ ਸਰਦਾਰ ਤੇ ਦੂਸਰਾ ਮੋਨਾ ਸੀ। ਉਕਤ ਨੌਜਵਾਨ ਡਰਾਈਵਰ ਬਲਬੀਰ ਸਿੰਘ ਕੋਲੋਂ ਇੱਕ ਸਰਕਾਰੀ ਦਫਤਰ ਬਾਰੇ ਪੁੱਛਣ ਲੱਗੇ। ਜਦੋਂ ਡਰਾਈਵਰ ਨੇ ਸਰਕਾਰੀ ਦਫ਼ਤਰ ਦੇ ਬਾਰੇ ਅਣਜਾਣਤਾ ਪ੍ਰਗਟਾਈ ਤਾਂ ਉਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਤੁਰੰਤ ਇੱਕ ਸਪਰੇਅ ਕੱਢ ਕੇ ਡਰਾਈਵਰ ਬਲਬੀਰ ਸਿੰਘ ਦੀਆਂ ਅੱਖਾਂ ਵਿੱਚ ਪਾ ਦਿੱਤੀ ਅਤੇ ਫਿਰ ਕਾਰ ਲੈ ਕੇ ਫਰਾਰ ਹੋ ਗਏ।

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮੁਹਾਲੀ ਧਮਾਕਾ ਕੇਸ: ਨਿਸ਼ਾਨ ਸਿੰਘ ਤੇ ਦੋ ਹੋਰ ਸਾਥੀਆਂ ਦਾ ਪੁਲਸ ਰਿਮਾਂਡ ਵਧਾਇਆ ਗਿਆ



ਫ਼ਰੀਦਕੋਟ, 17 ਮਈ (ਪੋਸਟ ਬਿਊਰੋ)- ਮੁਹਾਲੀ ਧਮਾਕੇ ਵਿੱਚ ਸ਼ਾਮਲਦੋਸ਼ੀ ਨਿਸ਼ਾਨ ਸਿੰਘ ਨੂੰ ਕੱਲ੍ਹ ਏਥੇ ਗੈਰ-ਕਾਨੂੰਨੀ ਅਸਲਾ ਰੱਖਣ ਅਤੇ ਪੁਲਸ ਉੱਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਹੇਠਐਡੀਸ਼ਨਲ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਪੁਲਸ ਪੰਜ ਦਿਨ ਦਾ ਰਿਮਾਂਡ ਹਾਸਲ ਕਰ ਚੁੱਕੀ ਹੈ।

ਪੁਲਸ ਰਿਮਾਂਡ ਦੀ ਮੰਗ ਕਰਦੇ ਹੋਏ ਬਹਿਸ ਦੌਰਾਨ ਸਰਕਾਰੀ ਵਕੀਲ ਨੇ ਕਿਹਾ ਕਿ ਨਿਸ਼ਾਨ ਸਿੰਘ ਫ਼ਰੀਦਕੋਟ ਦੀ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਰਿਹਾ ਹੈ ਤੇ ਉਸ ਕੋਲ 22 ਰਿਵਾਲਵਰ ਹੋਣ ਦਾ ਖਦਸ਼ਾ ਹੈ, ਜਿਨ੍ਹਾਂ ਵਿੱਚੋਂ ਦੋ ਰਿਵਾਲਵਰ ਹੋਣ ਬਾਰੇ ਨਿਸ਼ਾਨ ਸਿੰਘ ਨੇ ਇਕਬਾਲ ਕੀਤਾ ਹੈ। ਪੁਲਸ ਦਾ ਦਾਅਵਾ ਹੈ ਕਿ ਇਨ੍ਹਾਂ ਦੋ ਰਿਵਾਲਵਰਾਂ ਵਿੱਚੋਂ ਇੱਕ ਬਰਾਮਦ ਕਰ ਲਿਆ ਹੈ। ਸੂਚਨਾ ਅਨੁਸਾਰ ਨਿਸ਼ਾਨ ਸਿੰਘ ਦਾ ਸਾਥੀ ਗੁਰਵਿੰਦਰ ਸਿੰਘ ਬਾਵਾ ਹਰਿਆਣਾ ਦੇ ਪਿਹੋਵਾ ਦਾ ਵਾਸੀ ਹੈ, ਜਿਸ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ। ਪੁਲਸ ਨੇ ਬਾਕੀ ਹਥਿਆਰ ਬਰਾਮਦ ਕਰਾਉਣ ਤੇ ਨਾਲ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਅਦਾਲਤ ਪਾਸੋਂ ਚਾਰ ਦਿਨ ਦੇ ਪੁਲਸ ਰਿਮਾਂਡ ਦੀ ਮੰਗ ਕੀਤੀ ਸੀ। ਮੈਜਿਸਟਰੇਟ ਨੇ ਨਿਸ਼ਾਨ ਸਿੰਘ ਨੂੰ ਹੋਰ ਪੁੱਛਗਿੱਛ ਲਈ ਚਾਰ ਦਿਨਾਂ ਦੇ ਪੁਲਸ ਰਿਮਾਂਡ ਉੱਤੇ ਭੇਜਣ ਦਾ ਹੁਕਮ ਦਿੱਤਾ ਹੈ।

# ਭੇਦ-ਭਰੇ ਹੈਪੇਟਾਈਟਸ ਨੇ 21 ਦੇਸ਼ਾਂ ਵਿੱਚ ਪੈਰ ਪਸਾਰੇ

ਜਲੰਧਰ, 17 ਮਈ (ਪੋਸਟ ਬਿਊਰੋ)- ਭੇਦਭਰੀ ਹੈਪੇਟਾਈਟਸ ਬੀਮਾਰੀ ਪੂਰੀ ਦੁਨੀਆ ਲਈ ਸਮੱਸਿਆ ਬਣਦੀ ਜਾ ਰਹੀ ਹੈ। ‘ਯੂਰਪੀਨ ਸੈਂਟਰ ਫਾਰ ਡਿਜ਼ੀਜ਼ ਪ੍ਰੀਵੈਂਸ਼ਨ ਐਂਡ ਕੰਟਰੋਲ' (ਈ ਸੀ ਡੀ ਸੀ) ਦੇ ਅਨੁਸਾਰ ਪੂਰੀ ਦੁਨੀਆ ਵਿੱਚ 12 ਬੱਚਿਆਂ ਦੀ ਇਸ ਜਾਨਲੇਵਾ ਬੀਮਾਰੀ ਨਾਲ ਮੌਤ ਹੋ ਚੁੱਕੀ ਹੈ ਅਤੇ 450 ਤੋਂ ਵੱਧ ਬੀਮਾਰ ਹਨ।ਇਹ ਗਿਣਤੀ ਵਧਣੀ ਯਕੀਨੀ ਹੈ ਕਿਉਂਕਿ ਅਜੇ ਤਕ ਇਸ ਅਣਜਾਣ ਬੀਮਾਰੀ ਉੱਤੇ ਖੋਜ ਚੱਲ ਰਹੀ ਹੈ।

ਬੀਤੇ ਅਪ੍ਰੈਲ ਦੇ ਸ਼ੁਰੂ ਤੋਂ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਅਣਜਾਣੇ ਅਤੇ ਗੰਭੀਰ ਹੈਪੇਟਾਈਟਸ ਦਾ ਪਤਾ ਲਾਇਆ ਗਿਆ ਹੈ। ਅੱਜ ਤਕ ਇਹ 21 ਦੇਸ਼ਾਂ ਵਿੱਚ ਆਪਣੇ ਪੈਰ ਪਸਾਰ ਚੁੱਕੀ ਹੈ। ਹੈਪੇਟਾਈਟਸ ਜਿਗਰ ਦੀ ਇੱਕ ਸੋਜ਼ਿਸ਼ ਹੈ, ਜੋ ਆਮ ਤੌਰ ਉੱਤੇ ਵਾਇਰਲ ਇਨਫੈਕਸ਼ਨ ਜਾਂ ਸ਼ਰਾਬ ਪੀਣ ਨਾਲ ਜਿਗਰ ਦੇ ਨੁਕਸਾਨ ਨਾਲ ਹੁੰਦੀ ਹੈ। ਕੁਝ ਕੇਸ ਆਪਣੇ ਆਪ ਹੱਲ ਹੋ ਜਾਂਦੇ ਹਨ। ਕੁਝ ਕੇਸਾਂ ਵਿੱਚ ਇੱਕ ਜਿਗਰ ਟ੍ਰਾਂਸਪਲਾਂਟ ਦੀ ਲੋੜ ਹੁੰਦੀ ਹੈ। ਹੈਪੇਟਾਈਟਸ ਦਾ ਕਾਰਨ ਬਣਨ ਵਾਲੇ ਆਮ ਵਾਇਰਸਾਂ ਵਿੱਚ ਹੈਪੇਟਾਈਟਸ ਵਾਇਰਸ ਏ ਬੀ ਸੀ ਡੀ ਅਤੇ ਈ ਸ਼ਾਮਲ ਹਨ। ਦੁਨੀਆ ਵਿੱਚ ਰਿਪੋਰਟ ਕੀਤੇ ਕਿਸੇ ਕੇਸ ਵਿੱਚ ਇਸ ਅਣਜਾਣ ਬੀਮਾਰੀ ਦਾ ਪਤਾ ਨਹੀਂ ਲੱਗਾ।ਹੈਪੇਟਾਈਟਸ ਵਾਲੇ ਲੋਕਾਂ ਨੂੰ ਥਕਾਵਟ, ਭੁੱਖ ਨਾ ਲੱਗਣਾ, ਜੀ ਕੱਚਾ ਹੋਣਾ, ਉਲਟੀਆਂ, ਪੇਟ ਦਰਦ, ਗੂੜ੍ਹਾ ਪਿਸ਼ਾਬ, ਹਲਕੇ ਰੰਗ ਦਾ ਪਖਾਨਾ ਅਤੇ ਜੋੜਾਂ ਦੇ ਦਰਦ ਦਾ ਅਹਿਸਾਸ ਹੁੰਦਾ ਹੈ। ਜੇ ਚਮੜੀ ਅਤੇ ਅੱਖਾਂ ਦਾ ਰੰਗ ਪੀਲਾ ਪੈ ਜਾਂਦਾ ਹੈ ਤਾਂ ਉਹ ਪੀਲੀਆ ਤੋਂ ਪੀੜਤ ਹੋ ਸਕਦੇ ਹਨ।

# ਟੂਰਿਸਟਾਂ ਦੀ ਗੱਡੀ ਕੁੱਲੂ ਨੇੜੇ ਖੱਡ ਵਿੱਚ ਡਿੱਗੀ, 4 ਮੌਤਾਂ



ਕੁੱਲੂ, 17 ਮਈ (ਪੋਸਟ ਬਿਊਰੋ)- ਨੈਸ਼ਨਲ ਹਾਈਵੇ-305 ਔਟ-ਲੂਹਰੀ ਰੋਡ ਵਿੱਚ ਘਿਆਗੀ ਨੇੜੇ ਇੱਕ ਟੂਰਿਸਟ ਗੱਡੀ ਹਾਦਸੇ ਦਾ ਸ਼ਿਕਾਰ ਹੋ ਕੇ ਖੱਡ ਵਿੱਚ ਜਾ ਡਿੱਗੀ ਤਾਂ ਇਸ ਨਾਲ ਚਾਰ ਜਣਿਆਂ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਦੇ 7ਟੂਰਿਸਟਇੱਕ ਗੱਡੀ ਵਿੱਚ ਸੋਝਾ ਅਤੇ ਜਲੋਡੀ ਨੇੜੇ ਘੁੰਮਣ ਗਏ ਸਨ। ਐਤਵਾਰ ਰਾਤ ਜਦ ਉਹ ਸੋਘਾ ਤੋਂ ਘਿਆਗੀ ਵੱਲ ਆ ਰਹੇ ਸਨ ਤਾਂ ਇਸ ਦੌਰਾਨ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਕੇ ਚਾਰ ਸੌ ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਇਲਾਕੇ ਵਿੱਚ ਕੋਈ ਬਸਤੀ ਨਾ ਹੋਣ ਕਾਰਨ ਇਸ ਵਾਹਨ ਨੂੰ ਸਾਰੀ ਰਾਤ ਕਿਸੇ ਨੇ ਨਹੀਂ ਦੇਖਿਆ ਅਤੇ ਹਾਦਸੇ ਦਾ ਸ਼ਿਕਾਰ ਹੋਏ ਲੋਕ ਸਾਰੀ ਰਾਤ ਖੱਡ ਵਿੱਚ ਚੀਕਦੇ ਰਹੇ। ਸਵੇਰੇ ਕਰੀਬ ਨੌਂ ਵਜੇ ਜਦ ਇਲਾਕੇ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਗਏ ਤਾਂ ਉਨ੍ਹਾਂ ਨੇ ਜ਼ਖਮੀਆਂ ਦੀਆਂ ਆਵਾਜ਼ਾਂ ਸੁਣੀਆਂ ਤੇ ਹਾਦਸਾਗ੍ਰਸਤ ਵਾਹਨ ਨੂੰ ਦੇਖਿਆ ਅਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਉਸ ਦੇ ਬਾਅਦ ਪੁਲਸ ਮੌਕੇ ਉੱਤੇਗਈ ਤਾਂ ਤਦ ਤਕ ਚਾਰ ਜਣਿਆਂ ਦੀ ਮੌਤ ਹੋ ਚੁੱਕੀ ਸੀ, ਪਰ ਤਿੰਨ ਜ਼ਖਮੀ ਸਨ, ਜਿਨ੍ਹਾਂ ਵਿੱਚ ਇੱਕ ਲੜਕੀ ਜ਼ਖਮੀ ਹਾਲਤ ਵਿੱਚ ਰੁੱਖ ਉੱਤੇ ਫਸੀ ਹੋਈ ਸੀ। ਉਸ ਨੂੰ ਰੈਸਕਿਊ ਟੀਮ ਨੇ ਕੱਢਿਆ ਅਤੇ ਸਾਰੇ ਜ਼ਖਮੀਆਂ ਨੂੰ ਪਹਿਲਾਂ ਬੰਜਾਰ ਹਸਪਤਾਲ ਪਹੁੰਚਾਇਆ। ਉਥੋਂ ਤਿੰਨਾਂ ਗੰਭੀਰ ਜ਼ਖਮੀਆਂ ਨੂੰ ਖੇਤਰੀ ਹਸਪਤਾਲ ਕੁੱਲੂ ਲਈ ਰੈਫਰ ਕੀਤਾ ਗਿਆ।

# ਬਿੱਲ-ਬੋਰਡ ਨਾਲ ਬੱਸ ਟਕਰਾਉਣ ਕਾਰਨ 14 ਹਲਾਕ




ਸੁਰਾਬਾਯਾ (ਇੰਡੋਨੇਸ਼ੀਆ), 17 ਮਈ (ਪੋਸਟ ਬਿਊਰੋ)- ਇੰਡੋਨੇਸ਼ੀਆ ਦੇ ਮੁੱਖ ਟਾਪੂ ਜਾਵਾ ਵਿੱਚ ਕੱਲ੍ਹ ਟੂਰਿਸਟਾਂ ਦੀ ਬੱਸ ਦੇ ਬਿੱਲ ਬੋਰਡ ਨਾਲ ਟਕਰਾਉਣ ਕਾਰਨ 14 ਜਣਿਆਂ ਦੀ ਮੌਤ ਹੋ ਗਈ ਤੇ 19 ਜਣੇ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਚਾਰ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਬੱਸ ਵਿੱਚ ਸੁਰਾਬਾਯਾ ਦੇ ਸੈਲਾਨੀ ਸਵਾਰ ਸਨ ਅਤੇ ਉਹ ਸੈਂਟਰਲ ਜਾਵਾ ਦੇ ਮਸ਼ਹੂਰ ਪਹਾੜੀ ਰਿਜ਼ਾਰਟ ਡਿਏਂਗ ਪਲੇਟੂ ਤੋਂ ਪਰਤ ਰਹੇ ਸਨ। ਸਵੇਰੇ ਇਹ ਬੱਸ ਮੋਜੋਕੇਰਟੋ ਟੌਲ ਮਾਰਗ ਉੱਤੇ ਲੱਗੇ ਬਿੱਲ ਬੋਰਡ ਨਾਲ ਜਾ ਵੱਜੀ।ਹਾਦਸੇ ਦੇ ਕਾਰਨਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ, ਪਰ ਲੱਗਦਾ ਹੈ ਕਿ ਹਾਦਸੇ ਤੋਂ ਪਹਿਲਾਂ ਸ਼ਾਇਦ ਡਰਾਈਵਰ ਨੂੰ ਨੀਂਦ ਆਈ ਹੋਵੇਗੀ। ਹਾਦਸੇ ਵਿੱਚ ਡਰਾਈਵਰ ਵੀ ਗੰਭੀਰ ਜ਼ਖਮੀ ਹੋਇਆ ਹੈ, ਜਿਸ ਕਰ ਕੇ ਉਸ ਕੋਲੋਂ ਹਾਲੇ ਪੁੱਛ-ਪੜਤਾਲ ਨਹੀਂ ਕੀਤੀ ਗਈ। ਬਾਕੀ 19 ਜਣਿਆਂ ਦਾ ਚਾਰ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ।

# ਛੱਪੜ ਵਿੱਚ ਡੁੱਬਣ ਕਾਰਨ ਤਿੰਨ ਬੱਚਿਆਂ ਦੀ ਮੌਤ



ਭਿਵਾਨੀ, 17 ਮਈ (ਪੋਸਟ ਬਿਊਰੋ)- ਹਰਿਆਣਾ ਦੇ ਭਿਵਾਨੀ ਜ਼ਿਲੇ ਦੇ ਬਹਿਲ ਦੀ ਖਾੜੀ ਪਿੰਡ ਵਿੱਚ ਕੱਲ੍ਹ ਗੰਦੇ ਪਾਣੀ ਨਾਲ ਭਰੇ ਤਲਾਬ ਵਿੱਚ ਡੁੱਬਣ ਨਾਲ ਤਿੰਨ ਬੱਚਿਆਂ ਦੀ ਮੌਤ ਹੋ ਗਈ।

ਇਸ ਪਿੰਡ ਵਿੱਚ ਤਲਾਬ ਨੂੰ ਅੰਮ੍ਰਿਤ ਸਰੋਵਰ ਸਕੀਮ ਹੇਠ ਵਿਕਿਸਤ ਕੀਤਾ ਗਿਆ ਸੀ ਤੇ ਇਸ ਸਮੇਂ ਇਹ ਗੰਦੇ ਪਾਣੀ ਨਾਲ ਭਰਿਆ ਹੋਇਆ ਹੈ। ਜਦੋਂ ਤਿੰਨ ਮੁੰਡੇ ਤਲਾਬ ਦੇ ਕੰਢੇ ਉੱਤੇ ਬਣੀ ਪਗਡੰਡੀ ਤੋਂ ਲੰਘ ਰਹੇ ਸਨ ਤਾਂ ਇੱਕ ਮੁੰਡੇ ਦੀ ਲੱਤ ਤਿਲਕ ਗਈ ਅਤੇ ਤਲਾਬ ਵਿੱਚ ਡਿੱਗ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਬਾਕੀ ਦੋ ਮੁੰਡੇ ਡੁੱਬ ਗਏ। ਲੋਕਾਂ ਨੇ ਤਿੰਨਾਂ ਨੂੰ ਬੇਹੋਸੀ ਦੀ ਹਾਲਤ ਵਿੱਚ ਕੱਢਿਆ। ਦੋ ਮੁੰਡਿਆਂ ਨੂੰ ਹਿਸਾਰ ਤੇ ਇੱਕ ਨੂੰ ਭਿਵਾਨੀ ਦੇ ਹਸਪਤਾਲ ਭੇਜਿਆ, ਪਰ ਮੁੱਢਲੀ ਸਹਾਇਤਾ ਪਿੱਛੋਂ ਤਿੰਨਾਂ ਦੀ ਮੌਤ ਹੋ ਗਈ।ਤਿੰਨੇ ਬਹਿਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 4ਵੀਂ, 6ਵੀਂ ਅਤੇ 2ਵੀਂ ਜਮਾਤ ਦੇ ਵਿਦਿਆਰਥੀ ਸਨ।

# ਚੀਨ ਨੇ ਪਾਕਿਸਤਾਨ ਤੋਂ ਮੰਦਾਰਿਨ ਸਿਖਾਉਣ ਵਾਲੇ ਅਧਿਆਪਕ ਵਾਪਸ ਬੁਲਾਏ




ਕਰਾਚੀ, 17 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਮੰਦਾਰਿਨ ਭਾਸ਼ਾ ਪੜ੍ਹਾਉਣ ਵਾਲੇ ਚੀਨੀ ਅਧਿਆਪਕਾਂ ਨੂੰ ਦੇਸ਼ ਵਾਪਸ ਬੁਲਾ ਲਿਆ ਗਿਆ ਹੈ। ਇਹ ਫੈਸਲਾ ਖਤਰਨਾਕ ਹਮਲਿਆਂ ਕਾਰਨ ਕੀਤਾ ਗਿਆ।

ਵਰਨਣ ਯੋਗ ਹੈ ਕਿ ਕੁਝ ਕੇ ਹਫ਼ਤੇ ਪਹਿਲਾਂ ਬੁਰਕਾ ਪਹਿਨੇ ਇੱਕ ਬਲੋਚ ਮਹਿਲਾ ਆਤਮਘਾਤੀ ਹਮਲਾਵਰ ਨੇ ਪਾਕਿਸਤਾਨ ਦੀ ਵੱਕਾਰੀ ਕਰਾਚੀ ਯੂਨੀਵਰਸਿਟੀ ਦੇ ਅੰਦਰ ਇੱਕ ਵਾਹਨ ਨੇੜੇ ਖੁਦ ਨੂੰ ਵਿਸਫੋਟ ਨਾਲ ਉਡਾ ਲਿਆ ਸੀ।ਪਾਕਿਸਤਾਨ ਦੀ ਵਿੱਤੀ ਰਾਜਧਾਨੀ ਕਰਾਚੀ ਵਿੱਚ ਚੀਨੀ ਨਾਗਰਿਕਾਂ ਉੱਤੇ ਹਮਲੇ ਵਿੱਚ ਕਨਫਿਊਸ਼ੀਅਸ ਇੰਸਟੀਚਿਊਟ ਦੇ ਮੁਖੀ ਅਤੇ ਉਸ ਦੇ ਸਥਾਨਕ ਡਰਾਈਵਰ ਸਮੇਤ ਤਿੰਨ ਚੀਨੀ ਟੀਚਰਾਂ ਦੀ ਮੌਤ ਹੋਈ ਸੀ। ਪਾਬੰਦੀਸ਼ੁਦਾ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ ਐਲ ਏ) ਨਾਲ ਸਬੰਧਤ ਮਜੀਦ ਬ੍ਰਿਗੇਡ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਕਰਾਚੀ ਯੂਨੀਵਰਸਿਟੀ ਦੇ ਇੱਕ ਅਫਸਰ ਨੇ ਦੱਸਿਆ ਕਿ ਕੈਂਪਸ ਦੇ ਕਨਫਿਊਸ਼ਸ ਇੰਸਟੀਚਿਊਟ ਵਿੱਚ ਪੜ੍ਹਾ ਰਹੇ ਚੀਨੀ ਟੀਚਰ ਕੱਲ੍ਹ ਘਰ ਲਈ ਚਲੇ ਗਏ। ਚੀਨੀ ਟੀਚਰਾਂ ਦਾ ਜਾਣਾ ਮੰਦਾਰਿਨ ਸਿੱਖਣ ਵਾਲੇ ਵਿਦਿਆਰਥੀਆਂ ਲਈ ਝਟਕਾ ਹੈ। ਸੰਸਥਾ ਵਿੱਚ ਲੱਗਭਗ 500 ਵਿਦਿਆਰਥੀ ਹਨ ਅਤੇ ਆਨਲਾਈਨ ਕਲਾਸਾਂ ਲਗਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

# ਦੁਨੀਆਂ ਦੀ ਸਭ ਤੋਂ ਬਜ਼ੁਰਗ ਬੀਬੀ ਨੇ 128ਵਾਂ ਜਨਮ ਦਿਨ ਮਨਾਇਆ



ਕੇਪਟਾਊਨ, 17 ਮਈ (ਪੋਸਟ ਬਿਊਰੋ)- ਦੱਖਣੀ ਅਫ਼ਰੀਕਾ ਦੀ ਵਸਨੀਕ ਜੋਹਾਨਾ ਮਾਜ਼ੀਬੁਕੋ ਨੇ ਪਿਛਲੇ ਹਫ਼ਤੇ ਅਪਣਾ 128ਵਾਂ ਜਨਮਦਿਨ ਮਨਾਇਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਬਜ਼ੁਰਗ ਔਰਤ ਹੈ। ਉਸਦੀ ਲੰਮੀ ਉਮਰ ਦਾ ਸਭ ਤੋਂ ਵੱਡਾ ਕਾਰਨ ਖਾਣ-ਪੀਣ ਵਲ ਧਿਆਨ ਦੇਣਾ ਰਿਹਾ ਹੈ।ਤਾਜ਼ੇ ਦੁੱਧ ਅਤੇ ਜੰਗਲੀ ਪਾਲਕ ਦੇ ਸੁਮੇਲ ਨੇ ਜੋਹਾਨਾ ਨੂੰ ਲੰਮੇ ਸਮੇਂ ਤਕ ਜ਼ਿੰਦਾ ਰੱਖਿਆ ਹੈ।

ਜੋਹਾਨਾ ਕੋਲ ਮੌਜੂਦ ਦਸਤਾਵੇਜ਼ ਦਸਦੇ ਹਨ ਕਿ ਉਸਦਾ ਜਨਮ 1894 ਵਿੱਚ ਹੋਇਆ ਸੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਬ੍ਰਿਟਿਸ਼ ਰਾਜ ਦੀ ਸ਼ੁਰੂਆਤ ਅਤੇ ਅੰਤ ਅਤੇ ਦੋ ਵਿਸ਼ਵ ਯੁੱਧ ਦੇਖੇ ਸਨ। ਜੋਹਾਨਾ ਨੇ ਦੱਸਿਆ ਕਿ ਉਹ ਆਪਣੇ 12 ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ। ਉਹ ਮੱਕੀ ਦੇ ਖੇਤ ਵਿੱਚ ਰਹਿੰਦੀ ਸੀ। ਉਨ੍ਹਾਂ ਨੇ ਦੱਸਿਆ ਕਿ ਅਸੀਂ ਖੇਤਾਂ ਵਿੱਚ ਬਹੁਤ ਵਧੀਆ ਸਮਾਂ ਬਿਤਾਇਆ। ਉਥੇ ਕੋਈ ਸਮੱਸਿਆ ਨਹੀਂ ਸੀ। ਟਿੱਡੀ ਦਲ ਦੇ ਹਮਲੇ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੇ ਸਾਡੇ ਸਾਹਮਣੇ ਸਮੱਸਿਆ ਖੜੀ ਕਰ ਦਿੱਤੀ, ਪਰ ਸਾਡੇ ਪਰਵਾਰ ਨੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਨਵਾਂ ਤਰੀਕਾ ਲੱਭਿਆ। ਅਸੀਂ ਉਨ੍ਹਾਂ ਨੂੰ ਫੜ ਲਿਆ ਅਤੇ ਖਾਣ ਲੱਗ ਪਏ। ਇਹ ਮਾਸ ਖਾਣ ਵਰਗਾ ਸੀ।

ਪਤਾ ਲੱਗਾ ਹੈ ਕਿ ਜੋਹਾਨਾ ਅੱਜ-ਕੱਲ੍ਹ ਆਧੁਨਿਕ ਭੋਜਨ ਖਾਂਦੀ ਹੈ, ਪਰ ਉਹ ਕਹਿੰਦੀ ਹੈ ਕਿ ਉਸ ਨੂੰ ਆਪਣਾ ਸਾਦਾ ਬਚਪਨ ਯਾਦ ਆਉਂਦਾ ਹੈ। ਜੋਹਾਨਾ 128 ਸਾਲ ਦੀ ਉਮਰ ਵਿੱਚ ਵੀ ਠੀਕ-ਠਾਕ ਚੱਲ ਸਕਦੀ ਹੈ। ਉਸ ਨੂੰ ਸੁਣਨ ਦੀ ਸਮੱਸਿਆ ਹੈ, ਪਰ ਉਸ ਦੀਆਂ ਅੱਖਾਂ ਠੀਕ ਹਨ। ਉਸ ਨੇ ਇੱਕ ਆਦਮੀ ਨਾਲ ਵਿਆਹ ਕੀਤਾ ਸੀ, ਜਿਸਦੀ ਪਹਿਲੀ ਪਤਨੀ ਦੀ ਮੌਤ ਹੋ ਗਈ ਸੀ। ਉਸ ਕੋਲ ਗਾਵਾਂ ਤੇ ਘੋੜੇ ਸਨ। ਜੋਹਾਨਾ ਦੁੱਧ ਤੋਂ ਮੱਖਣ ਬਣਾ ਕੇ ਵੇਚਦੀ ਸੀ, ਜੋਹਾਨਾ ਦੇ ਸੱਤ ਬੱਚੇ ਹਨ, ਜਿਨ੍ਹਾਂ ਵਿੱਚੋਂ ਦੋ ਅਜੇ ਜ਼ਿੰਦਾ ਹਨ। ਜੋਹਾਨਾ ਦੇ 50 ਪੋਤੇ-ਪੋਤੀਆਂ ਤੇ ਪੜਪੋਤੇ-ਪੜਪੋਤੀਆਂ ਹਨ। ਜੋਹਾਨਾ ਦੇ ਪਿੰਡ ਦੇ ਲੋਕ ਚਾਹੁੰਦੇ ਹਨ ਕਿ ਉਸ ਦਾ ਨਾਂ ਗਿਨੀਜ਼ ਬੁੱਕ ਆਫ ਰਿਕਾਰਡ ਵਿੱਚ ਦਰਜ ਕੀਤਾ ਜਾਵੇ।

# ਲੋਕਪਾਲ ਦੇ ਨਵੇਂ ਮੁਖੀ ਦੀ ਨਿਯੁਕਤੀ ਦਾ ਅਮਲ ਸ਼ੁਰੂ

ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਲੋਕਪਾਲ ਦੇ ਨਵੇਂ ਮੁਖੀ ਦੀ ਨਿਯੁਕਤੀ ਕਰਨ ਦੇ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਮੌਜੂਦਾ ਸਮੇਂ ਵਿੱਚ ਲੋਕਪਾਲ ਮੁਖੀ ਜੱਜ ਪਿਨਾਕੀ ਚੰਦਰ ਘੋਸ਼ ਦਾ ਕਾਰਜਕਾਲ ਇਸ ਮਹੀਨੇ ਦੇ ਅਖੀਰ ਵਿੱਚ ਖਤਮ ਹੋ ਰਿਹਾ ਹੈ। ਲੋਕਪਾਲ ਵਿੱਚ ਇੱਕ ਮੁਖੀ ਹੁੰਦਾ ਹੈ ਅਤੇ ਇਸ ਵਿੱਚ ਅੱਠ ਮੈਂਬਰ: ਚਾਰ ਜੁਡੀਸ਼ਲ ਅਤੇ ਬਾਕੀ ਗੈਰ-ਜੁਡੀਸ਼ਲ ਹੋ ਸਕਦੇ ਹਨ। ਇਸ ਸਮੇਂ ਲੋਕਪਾਲ ਵਿੱਚ ਛੇ ਮੈਂਬਰ ਹਨ ਅਤੇ ਜੁਡੀਸ਼ਲ ਮੈਂਬਰ ਦੇ ਦੋ ਅਹੁਦੇ ਦੋ ਸਾਲ ਤੋਂ ਵੱਧ ਸਮੇਂ ਤੋਂ ਖਾਲੀ ਪਏ ਹਨ।

ਲੋਕਪਾਲ ਐਕਟ ਸਾਲ 2013 ਵਿੱਚ ਪਾਸ ਕੀਤਾ ਗਿਆ ਸੀ। ਕਾਨੂੰਨ ਵਿੱਚ ਸਰਕਾਰੀ ਅਧਿਕਾਰੀਆਂ ਦੀਆਂ ਕੁਝ ਸ਼੍ਰੇਣੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਦੇਖਣ ਲਈ ਕੇਂਦਰ ਵਿੱਚ ਇੱਕ ਲੋਕਪਾਲ ਅਤੇ ਰਾਜ ਵਿੱਚ ਲੋਕਪਾਲਾਂ ਦੀ ਨਿਯੁਕਤੀ ਦਾ ਨਿਯਮ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜਸਟਿਸ ਘੋਸ਼ ਨੂੰ ਲੋਕਪਾਲ ਦੇ ਮੁਖੀ ਵਜੋਂ 23 ਮਾਰਚ 2019 ਨੂੰ ਅਹੁਦੇ ਦੀ ਸਹੁੰ ਚੁਕਾਈ ਸੀ। ਇੱਕ ਅਧਿਕਾਰੀ ਕਿਹਾ, ਜਸਟਿਸ ਘੋਸ਼ 27 ਮਈ ਨੂੰ ਆਪਣਾ ਕਾਰਜਕਾਲ ਪੂਰਾ ਕਰਨਗੇ। ਲੋਕਪਾਲ ਦੇ ਅਗਲੇ ਮੁਖੀ ਦੀ ਨਿਯੁਕਤੀ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਲੋਕਪਾਲ ਦੇ ਮੁਖੀ ਅਤੇ ਮੈਂਬਰਾਂ ਦੀ ਨਿਯੁਕਤੀ ਪੰਜ ਸਾਲ ਲਈ ਜਾਂ ਸੱਤਰ ਸਾਲ ਉਮਰ ਪੂਰੀ ਹੋਣ ਤਕ ਹੁੰਦੀ ਹੈ। ਜਸਟਿਸ ਦਿਲੀਪ ਬੀ ਭੌਸਲੇ ਨੇ ਜਨਵਰੀ 2020 ਨੂੰ ਨਿੱਜੀ ਕਾਰਨਾਂ ਕਰ ਕੇ ਲੋਕਪਾਲ ਮੈਂਬਰ ਦੇ ਤੌਰ ਉੱਤੇ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੂੰ ਇਸ ’ਤੇ 9 ਮਹੀਨੇ ਪਹਿਲਾਂ ਹੀ ਇਸ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ ਸੀ।

# ਐਨ ਜੀ ਟੀ ਨੇ ਯੂ ਪੀ ਅਤੇ ਬਿਹਾਰ ਤੋਂ ਗੰਗਾ ਵਿੱਚੋਂ ਮਿਲੀਆਂ ਲਾਸ਼ਾਂ ਦੇ ਵੇਰਵੇ ਮੰਗੇ

* ਪੱਤਰਕਾਰਾਂ ਵੱਲੋਂ ਦਾਇਰ ਪਟੀਸ਼ਨ ਉੱਤੇ ਨਿਰਦੇਸ਼




ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਕੱਲ੍ਹ ਉੱਤਰ ਪ੍ਰਦੇਸ਼ ਅਤੇ ਬਿਹਾਰ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਕੇ ਉਨ੍ਹਾਂ ਮਨੁੱਖੀ ਲਾਸ਼ਾਂ ਦੀ ਗਿਣਤੀ ਦੱਸਣ ਦੇ ਲਈ ਕਿਹਾ ਹੈ, ਜੋ ਕੋਰੋਨਾ ਮਹਾਮਾਰੀ ਸ਼ੁਰੂ ਹੋਣ ਤੋਂ ਲੈ ਕੇ ਇਸ ਸਾਲ 31 ਮਾਰਚ ਤਕ ਦੋਵਾਂ ਰਾਜਾਂ ਵਿੱਚ ਗੰਗਾ ਵਿੱਚ ਤਰਦੀਆਂ ਹੋਈਆਂ ਤੇ ਨਦੀ ਕਿਨਾਰੇ ਦੱਬੀਆਂ ਹੋਈਆਂ ਮਿਲੀਆਂ ਸਨ ਅਤੇ ਇਨ੍ਹਾਂ ਦੀ ਚਰਚਾ ਉਸ ਵਕਤ ਖੂਬ ਹੋਈ ਸੀ।

ਜਸਟਿਸ ਅਰੁਣ ਕੁਮਾਰ ਅਤੇ ਐਕਸਪਰਟ ਮੈਂਬਰ ਡਾਕਟਰ ਅਫਰੋਜ਼ ਅਹਿਮਦਦੇ ਬੈਂਚ ਨੇ ਐਡੀਸ਼ਨਲਚੀਫ ਸੈਕਟਰੀ (ਹੋਮ) ਅਤੇ ਐਡੀਸ਼ਨਲਚੀਫ ਸੈਕਟਰੀ (ਸਿਹਤ) ਨੂੰ ਇਸ ਬਾਰੇ ਤੱਥਾਂ ਉੱਤੇ ਆਧਾਰਤ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ। ਬੈਂਚ ਨੇ ਪੁਛਿਆ, ‘‘ਉਤਰ ਪ੍ਰਦੇਸ਼ ਤੇ ਬਿਹਾਰ ਵਿੱਚ ਸਾਲ 2018 ਤੇ 2019 ਵਿੱਚ ਕੋਵਿਡ-19 ਦੇ ਸ੍ਰੂ ਹੋਣ ਤੋਂ ਪਹਿਲਾਂ ਅਤੇ 2020, 2021 ਵਿੱਚ ਕੋਵਿਡ-19 ਮਹਾਮਾਰੀ ਸ਼ੁਰੂ ਹੋਣਪਿੱਛੋਂ ਅਤੇ ਇਸ ਸਾਲ 31 ਮਾਰਚ ਤਕ ਗੰਗਾ ਨਦੀ ਵਿੱਚ ਕਿੰਨੀਆਂ ਮਨੁੱਖੀ ਲਾਸ਼ਾਂ ਤਰਦੀਆਂ ਦੇਖੀਆਂ ਗਈਆਂ ਅਤੇ ਕਿੰਨੀਆਂ ਨਦੀ ਕਿਨਾਰੇ ਦੱਬੀਆਂ ਗਈਆਂ, ਕਿੰਨੇ ਕੇਸਾਂ ਵਿੱਚ ਯੂ ਪੀ ਅਤੇ ਬਿਹਾਰ ਦੀਆਂ ਸਰਕਾਰਾਂ ਨੇ ਲਾਸ਼ਾਂ ਦੇ ਸਸਕਾਰ ਤੇ ਦਫਨਾਉਣ ਲਈ ਵਿੱਤੀ ਸਹਾਇਤਾ ਦਿੱਤੀ, ਗੰਗਾ ਨਦੀ ਵਿੱਚ ਲਾਸ਼ਾਂ ਰੋੜ੍ਹਨ ਜਾਂ ਨਦੀ ਕਿਨਾਰੇ ਲਾਸ਼ਾਂ ਦਫਨਾਉਣ ਤੋਂ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਕੀ ਕਦਮ ਚੁੱਕੇ ਸਨ?'' ਐਨ ਜੀ ਟੀ ਪੱਤਰਕਾਰ ਸੰਜੇ ਸ਼ਰਮਾ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਿਹਾ ਸੀ ਜਿਸ ਨੇ ਕੋਰੋਨਾ ਤੋਂ ਪ੍ਰਭਾਵਤ ਮਨੁੱਖੀ ਲਾਸ਼ਾਂ ਦੇ ਨਿਬੇੜੇ ਲਈ ਢੁੱਕਵੇਂ ਪ੍ਰੋਟੋਕੋਲ ਦੇ ਪਾਲਣ ਦਾ ਨਿਰਦੇਸ਼ ਦੀ ਮੰਗ ਕੀਤੀ ਹੈ।

# ਮਦਰਾਸ ਹਾਈ ਕੋਰਟ ਦੀ ਪਹਿਲ, ਇਤਿਹਾਸ ਵਿੱਚ ਪਹਿਲੀ ਵਾਰੀ ਵਾਟਸਐਪ ਉਤੇ ਸੁਣਵਾਈ




ਚੇਨਈ, 17 ਮਈ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਦੇ ਜੱਜ ਇੱਕ ਵਿਆਹ ਸਮਾਗਮ ਵਿੱਚ ਹਿੱਸਾ ਲੈਣ ਲਈ ਸ਼ਹਿਰ ਤੋਂ ਬਾਹਰ ਨਾਗਰਕੋਇਲ ਵਿੱਚ ਸਨ, ਪਰ ਪਟੀਸ਼ਨਰ ਨੇ ਕੱਲ੍ਹ ਹੋਣ ਵਾਲੀ ਰੱਥ ਯਾਤਰਾ ਉੱਤੇ ਦੈਵੀ ਕਹਿਰ ਦੀ ਦਲੀਲ ਦੇ ਕੇ ਮਾਮਲੇ ਨੂੰ ਤੁਰੰਤ ਸੁਣਨ ਦੀ ਅਪੀਲ ਕਰ ਦਿੱਤੀ। ਇਸ ਤੋਂ ਬਾਅਦ ਐਵਤਾਰ ਨੂੰ ਹੀ ਮਦਰਾਸ ਹਾਈ ਕੋਰਟ ਨੇ ਪਹਿਲੀ ਵਾਰੀ ਵਾਟਸਐਪ ਦੇ ਜ਼ਰੀਏ ਇਸ ਕੇਸ ਦੀ ਸੁਣਵਾਈ ਕੀਤੀ।

ਜਸਟਿਸ ਜੀ ਆਰ ਸਵਾਮੀਨਾਥਨ ਬੀਤੇ ਐਤਵਾਰ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਨਾਗਰਕੋਇਲ ਗਏ ਸਨ। ਉਨ੍ਹਾਂ ਨੇ ਉਥੋਂ ਇਸ ਕੇਸ ਦੀ ਸੁਣਵਾਈ ਕੀਤੀ, ਜਿਸ ਵਿੱਚ ਸ੍ਰੀ ਅਭੀਸ਼ਟ ਵਰਦਰਾਜਾ ਸਵਾਮੀ ਮੰਦਰ ਦੇ ਇੱਕ ਜੱਦੀ ਟਰੱਸਟੀ ਪੀ ਆਰ ਸ੍ਰੀਨਿਵਾਸਨ ਨੇ ਦਲੀਲ ਦਿੱਤੀ ਸੀ ਕਿ ਜੇ ਕੱਲ੍ਹ ਉਨ੍ਹਾਂ ਦੇ ਪਿੰਡ ਤਜਵੀਜ਼ ਸ਼ੁਦਾ ਰੱਥ ਯਾਤਰਾ ਕੱਢੀ ਗਈ ਤਾਂ ਪਿੰਡ ਉੱਤੇ ਦੈਵੀ ਕਹਿਰ ਪੈ ਸਕਦਾ ਹੈ।ਹਾਈ ਕੋਰਟ ਨੇ ਇਸ ਬਾਰੇ ਆਪਣੇ ਹੁਕਮ ਦੇ ਸ਼ੁਰੂ ਵਿੱਚ ਕਿਹਾ, ‘‘ਰਿਟ ਪਟੀਸ਼ਨਰ ਦੀ ਇਸ ਅਪੀਲ ਕਾਰਨ ਮੈਨੂੰ ਨਾਗਰਕੋਇਲ ਤੋਂ ਐਮਰਜੈਂਸੀ ਸੁਣਵਾਈ ਕਰਨੀ ਪਈ ਤੇ ਵਾਟਸਐਪ ਉੱਤੇ ਵੀਡੀਓ ਕਾਲ ਨਾਲ ਕੇਸ ਦੀ ਸੁਣਵਾਈ ਕੀਤੀ ਜਾ ਰਹੀ ਹੈ।''ਜਸਟਿਸ ਸਵਾਮੀਨਾਥਨ ਇਸ ਅਦਾਲਤੀ ਸੈਸ਼ਨ ਵਿੱਚ ਨਾਗਰਕੋਇਲ ਤੋਂ ਕੇਸ ਦੀ ਸੁਣਵਾਈ ਕਰ ਰਹੇ ਸਨ, ਪਟੀਸ਼ਨਰ ਦੇ ਵਕੀਲ ਇੱਕ ਥਾਂਸਨ ਅਤੇ ਸਾਲਿਸਟਰ ਜਨਰਲ ਸ਼ਹਿਰ ਵਿੱਚ ਦੂਜੀ ਥਾਂ ਤੋਂ ਸੁਣਵਾਈ ਵਿੱਚ ਹਿੱਸਾ ਲੈ ਰਹੇ ਸਨ।

ਇਹ ਕੇਸ ਧਰਮਪੁਰੀ ਜ਼ਿਲ੍ਹੇ ਦੇ ਇੱਕ ਮੰਦਰ ਨਾਲ ਜੁੜਿਆ ਹੋਇਆ ਹੈ। ਜਸਟਿਸ ਨੇ ਕਿਹਾ ਕਿ ਹਿੰਦੂ ਧਾਰਮਿਕ ਅਤੇ ਚੈਰਿਟੀ ਵਿਭਾਗ ਨਾਲ ਸਬੰਧਤ ਇੰਸਪੈਕਟਰ ਨੂੰ ਮੰਦਰ ਪ੍ਰਸ਼ਾਸਨ ਅਤੇ ਟਰੱਸਟੀ ਨੂੰ ਰੱਥ ਯਾਤਰਾ ਰੋਕਣ ਦਾ ਹੁਕਮ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਇਸ ਹੁਕਮ ਨੂੰ ਰੱਦ ਕਰ ਦਿੱਤਾ। ਇਸ ਕੇਸ ਵਿੱਚ ਸਾਲਿਸਟਰ ਜਨਰਲ ਨੇ ਜੱਜ ਨੂੰ ਕਿਹਾ ਕਿ ਸਰਕਾਰ ਨੂੰ ਉਤਸਵ ਮਨਾਉਣ ਨਾਲ ਕੋਈ ਦਿੱਕਤ ਨਹੀਂ ਹੈ। ਸੁਰੱਖਿਆ ਨਿਯਮਾਂ ਦੀ ਪਾਲਣਾ ਨਾ ਹੋਣ ਕਾਰਨ ਤੰਜੋਰ ਜ਼ਿਲ੍ਹੇ ਵਿੱਚ ਪਿੱਛੇ ਜਿਹੇ ਇੱਕ ਰੱਥ ਯਾਤਰਾ ਵਿੱਚ ਹਾਦਸਾ ਹੋ ਗਿਆ ਸੀ। ਜੱਜ ਨੇ ਮੰਦਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਰੱਥ ਯਾਤਰਾ ਦੌਰਾਨ ਸਰਕਾਰ ਵੱਲੋਂ ਤੈਅ ਨਿਯਮ ਤੇ ਸ਼ਰਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਅਤੇ ਸਰਕਾਰੀ ਬਿਜਲੀ ਸਪਲਾਈ ਕੰਪਨੀ ਟੈਨਗੇਡਕੋ ਨੂੰ ਰੱਥ ਯਾਤਰਾ ਸ਼ੁਰੂ ਹੋਣ ਤੋਂ ਲੈ ਕੇ ਇਸ ਦੇ ਮੰਜ਼ਿਲ ਤਕ ਪੁੱਜਣ ਤੱਕ ਦੇ ਕੁਝ ਘੰਟਿਆਂ ਲਈ ਇਲਾਕੇ ਦੀ ਬਿਜਲੀ ਕੱਟ ਦੇਣ ਦਾ ਹੁਕਮ ਦਿੱਤਾ ਹੈ।

# ਗਿਆਨਵਾਪੀ ਮਸਜਿਦ ਬਾਰੇ ਮਹਿਬੂਬਾ ਬੋਲੀ: ‘ਇਨ੍ਹਾਂ ਨੂੰ ਭਗਵਾਨ ਬੱਸ ਮਸਜਿਦ ਵਿੱਚ ਹੀ ਮਿਲਦੈ’



ਜੰਮੂ, 17 ਮਈ (ਪੋਸਟ ਬਿਊਰੋ)- ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ ਪਾਰਟੀ) ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਵਾਰਾਣਸੀ ਦੀ ਗਿਆਨਵਾਪੀ ਮਸਜਿਦ ਸਰਵੇ ਬਾਰੇ ਕੇਂਦਰ ਸਰਕਾਰ ਉੱਤੇ ਹਮਲਾ ਕੀਤਾ ਅਤੇ ਇਸ ਨੂੰ ਭੜਕਾਉਣ ਦੀ ਰਾਜਨੀਤੀ ਦੱਸਦਿਆਂ ਕਿਹਾ ਕਿ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਭਗਵਾਨ ਮਸਜਿਦ ਵਿੱਚ ਹੀ ਮਿਲਦਾ ਹੈ।

ਮਹਿਬੂਬਾ ਨੇ ਪੁੱਛਿਆ ਕਿ ਇਹ ਗਿਆਨਵਾਪੀ ਮਸਜਿਦ ਦੇ ਪਿੱਛੇ ਪਏ ਹਨ, ਕੀ ਇਸ ਤੋਂ ਬਾਅਦ ਸਭ ਕੁਝ ਬੰਦ ਹੋ ਜਾਵੇਗਾ?ਉਨ੍ਹਾਂ ਕਿਹਾ ਕਿ ਭਾਜਪਾ ਨੂੰ ਉਨ੍ਹਾਂ ਮਸਜਿਦਾਂ ਦੀ ਇੱਕ ਸੂਚੀ ਸੌਂਪਣੀ ਚਾਹੀਦੀ ਹੈ ਜਿਨ੍ਹਾਂ ਉੱਤੇ ਉਹ ਕਬਜ਼ਾ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ,‘‘ਬਾਬਰੀ ਮਸਜਿਦ ਢਾਹ ਦਿੱਤੀ ਗਈ ਅਤੇ ਉਹ ਉਥੇ ਕੁਝ ਹੋਰ ਬਣਾਉਣਾ ਚਾਹੁੰਦੇ ਹਨ।ਮਸਜਿਦਾਂ ਉੱਤੇ ਇਹ ਦਾਅਵੇ ਸਿਰਫ਼ ਨਫ਼ਰਤ ਭੜਕਾਉਣ ਲਈ ਹਨ।'' ਮਹਿਬੂਬਾ ਨੇ ਹੈਰਾਨੀ ਨਾਲ ਕਿਹਾ ਕਿ ਕੀ ਇਨ੍ਹਾਂ ਮਸਜਿਦਾਂ ਨੂੰ ਸੌਂਪਣ ਤੋਂ ਬਾਅਦ ਸਰਕਾਰ ਵਿਕਾਸ ਦੇ ਏਜੰਡੇ ਉੱਤੇ ਧਿਆਨ ਕੇਂਦਰਿਤ ਕਰੇਗੀ, ਜਿਵੇਂ ਸਾਲਾਨਾ ਦੋ ਕਰੋੜ ਨੌਕਰੀਆਂ ਦੇਣਾ ਅਤੇ ਤੇਲ ਦੀਆਂ ਕੀਮਤਾਂ ਨੂੰ 2014 ਤੋਂ ਪਹਿਲਾਂ ਦੇ ਪੱਧਰ ਉੱਤੇ ਲਿਆਏਗੀ? ਉਨ੍ਹਾਂ ਕਿਹਾ,‘‘ਮੈਂ ਇਹ ਪਹਿਲਾਂ ਵੀ ਕਿਹਾ ਹੈ। ਸਾਡੇ ਮੁਸਲਮਾਨਾਂ ਲਈ ਅੱਲਾਹ ਉਥੇ ਹੈ, ਜਿੱਥੇ ਅਸੀਂ ਸਿਜਦਾ ਕਰਦੇ ਹਾਂ।''

ਇਸ ਦੇ ਨਾਲ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਭਾਜਪਾ ਅਤੇ ਹੋਰ ਸੱਜੇ ਪੱਖੀ ਸੰਗਠਨ ਮੁਗ਼ਲਾਂ ਵੱਲੋਂ ਬਣਾਈ ਗਈ ਜਾਇਦਾਦ ਪਿੱਛੇ ਪਏ ਹਨ। ਉਨ੍ਹਾਂ ਕਿਹਾ,‘‘ਕੀ ਉਹ ਸਭ ਢਾਹੁਣਗੇ? ਤਾਜਮਹਿਲ, ਕੁਤੁਬ ਮਿਨਾਰ, ਲਾਲ ਕਿਲ੍ਹਾ.ਇਨ੍ਹਾਂ ਸਾਰਿਆਂ ਦਾ ਨਿਰਮਾਣ ਮੁਗ਼ਲਾਂ ਨੇ ਕੀਤਾ ਸੀ। ਸਾਡੇ ਦੇਸ਼ ਵਿੱਚ 50 ਫ਼ੀਸਦੀ ਸੈਲਾਨੀ ਇਹ ਇਤਿਹਾਸਕ ਸਥਾਨ ਦੇਖਣ ਆਉਂਦੇ ਹਨ।''ਕਸ਼ਮੀਰ ਵਿੱਚ ਹੋ ਰਹੇ ਪੰਡਤਾਂ ਦੇ ਕਤਲੇਆਮ ਬਾਰੇ ਪੀ ਡੀ ਪੀ ਪਾਰਟੀ ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਨੈਸ਼ਨਲ ਕਾਨਫਰੰਸ, ਪੀ ਡੀ ਪੀ ਅਤੇ ਕਾਂਗਰਸ ਸਰਕਾਰਾਂ ਨੇ 2010 ਅਤੇ 2016 ਵਿੱਚ ਕਸ਼ਮੀਰ ਘਾਟੀ ਵਿੱਚ ਜਦੋਂ ਗੜਬੜ ਸਿਖਰ ਉੱਤੇ ਸੀ, ਉਦੋਂ ਵੀ ਕਸ਼ਮੀਰੀ ਪੰਡਤਾਂ ਦੀ ਸੁਰੱਖਿਆ ਯਕੀਨੀ ਬਣਾਈ ਸੀ, ਕਿਸੇ ਕਸ਼ਮੀਰੀ ਪੰਡਤ ਦਾ ਕਤਲ ਨਹੀਂ ਹੋਇਆ, ਪਰ ਨਫ਼ਰਤ ਦਾ ਜੋ ਮਾਹੌਲ ਭਾਜਪਾ ਨੇ ਬਣਾਇਆ ਹੈ, ਖਾਸਕਰ ‘ਦਿ ਕਸ਼ਮੀਰ ਫਾਈਲਜ਼' ਫ਼ਿਲਮ ਦੇ ਬਾਅਦ, ਇਸ ਚਰਚਾ ਰਾਹੀਂ ਦਿਮਾਗਾਂ ਵਿੱਚ ਜ਼ਹਿਰ ਘੋਲਿਆ ਜਾ ਰਿਹਾ ਹੈ।

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਵਨ ਸਟਾਪ (ਸਖੀ) ਸੈਂਟਰ ਦਾ ਦੌਰਾ, ਘਰੇਲੂ ਹਿੰਸਾ ਦੇ ਵਿਸ਼ੇ ਵਿੱਚ ਪੇਸ਼ ਹੋਈਆਂ ਮੁਸ਼ਕਿਲਾਂ

ਫਿਰੋਜ਼ਪੁਰ 17 ਮਈ (ਗਿਆਨ ਸਿੰਘ) - ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਦੀ ਰਹਿਨੁਮਾਈ ਹੇਠ ਸ਼੍ਰੀ ਵੀਰਇੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ. ਜੇ. ਐੱਮ. ਮਿਸ ਏਕਤਾ ਉੱਪਲ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਵਨ ਸਟਾਪ ਸਖੀ ਸੈਂਟਰ ਦਾ ਦੌਰਾ ਕੀਤਾ ਗਿਆ । ਇਸ ਦੌਰੇ ਦੌਰਾਨ ਮਾਨਯੋਗ ਸੀ. ਜੇ. ਐੱਮ ਮੈਡਮ ਨੇ ਸਖੀ ਸੈਂਟਰ ਵਿੱਚ ਸ਼ੈਲਟਰ ਰੂਮ, ਕਾਊਸਲਿੰਗ ਰੂਮ, ਲੀਗਲ ਏਡ ਕਲੀਨਿਕ ਦੀ ਚੈਕਿੰਗ ਅਤੇ ਅੱਜ ਘਰੇਲੂ ਹਿੰਸਾ ਦੇ ਵਿਸ਼ੇ ਵਿੱਚ ਪੇਸ਼ ਹੋਈਆਂ ਪਾਰਟੀਆਂ ਦੀਆਂ ਮੁਸ਼ਕਿਲਾਂ ਸੁਣੀਆਂ । ਇਸ ਮੌਕੇ ਇਸ ਸਖੀ ਸੈਂਟਰ ਦੇ ਮੁੱਖ ਅਫਸਰ ਮਿਸ ਰਿਤੂ ਪਲਟਾ ਅਤੇ ਲੀਗਲ ਅਡਵਾਈਜ਼ਰ ਮਿਸ ਮਨਜਿੰਦਰ ਕੌਰ ਦੇ ਨਾਲ ਸੈਂਟਰ ਦਾ ਸਟਾਫ ਵੀ ਮੌਜੂਦ ਸਨ । ਇਸ ਮੌਕੇ ਇੱਕ ਘਰੇਲੂ ਹਿੰਸਾ ਦਾ ਕੇਸ ਵੀ ਲੱਗਿਆ ਹੋਇਆ ਸੀ । ਜਿਸ ਵਿੱਚ ਰਮਨਦੀਪ ਬਬਲੀ ਗੁਰਪ੍ਰੀਤ ਸਿੰਘ ਕੇਸ ਵਿੱਚ ਲੜਕੇ ਵਾਲੇ ਲੜਕੀ ਨਾਲ ਕੁੱਟਮਾਰ ਕਰਦੇ ਸਨ ਅਤੇ ਉਸ ਨੂੰ ਘਰ ਰੱਖਣ ਤੋਂ ਮਨ੍ਹਾ ਕਰ ਰਹੇ ਸਨ । ਇਸ ਮੌਕੇ ਜੱਜ ਸਾਹਿਬ ਨੇ ਆਪ ਇਸ ਕੇਸ ਦੀ ਕਾਊਸਲਿੰਗ ਕਰਵਾ ਕੇ ਇੱਥੋਂ ਹੀ ਲੜਕੀ ਨੂੰ ਆਪਣੇ ਪਤੀ ਦੇ ਨਾਲ ਭੇਜਿਆ ਅਤੇ ਇਸ ਕੇਸ ਦਾ ਨਿਪਟਾਰਾ ਕਰਵਾਇਆ। ਇਹ ਪਾਰਟੀ ਨਵਾਂ ਜੀਰਾ, ਜ਼ਿਲ੍ਹਾ ਫਿਰੋਜ਼ਪੁਰ ਦੀ ਰਹਿਣ ਵਾਲੀ ਸੀ । ਇਸ ਤੋਂ ਇਲਾਵਾ ਸੀ. ਜੇ. ਐੱਮ. ਮੈਡਮ ਨੇ ਸਿਵਲ ਹਸਪਤਾਲ ਦਾ ਦੌਰਾ ਕੀਤਾ ਇਸ ਦੌਰਾਨ ਜੱਜ ਸਾਹਿਬ ਨੇ ਆਮ ਜਨਤਾ ਨੂੰ ਮਾਸਕ ਪਹਿਨਣ ਦੇ ਆਦੇਸ਼ ਵੀ ਦਿੱਤੇ ।



# ਪੰਜਾਬ ਰਾਜ ਦੇ ਬਾਸ਼ਿੰਦਿਆਂ ਨੂੰ ਕਿਫ਼ਾਇਤੀ ਸਿਹਤ ਸੇਵਾਵਾਂ ਦੇਣ ਲਈ ਨੀਤੀ ਬਣਾਉਣ ਦੇ ਹੁਕਮ: ਡਾ. ਵਿਜੈ ਸਿੰਗਲਾ

ਚੰਡੀਗੜ, 17 ਮਈ (ਗਿਆਨ ਸਿੰਘ) ਪੰਜਾਬ ਰਾਜ ਦੇ ਬਾਸ਼ਿੰਦਿਆਂ ਨੂੰ ਕਿਫ਼ਾਇਤੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਅਤੇ ਖੋਜ ਬਾਰੇ ਮੰਤਰੀ ਡਾ. ਵਿਜੈ ਸਿੰਗਲਾ ਵੱਲੋਂ ਵਿਭਾਗ ਨੂੰ ਨੀਤੀ ਬਣਾਉਣ ਦੇ ਹੁਕਮ ਦਿੱਤੇ ਗਏ ਹਨ।

ਅੱਜ ਇਸ ਸਬੰਧੀ ਪੰਜਾਬ ਭਵਨ, ਚੰਡੀਗੜ ਵਿਖੇ ਹੋਈ ਉੱਚ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਸਾਡੀ ਪਾਰਟੀ ਵੱਲੋਂ ਪੰਜਾਬ ਰਾਜ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਵਿੱਚ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਸ਼ਾਮਲ ਹੈ।

ਮੀਟਿੰਗ ਦੌਰਾਨ ਹਸਪਤਾਲਾਂ ਵਿੱਚ ਦਿੱਤੀਆਂ ਜਾਂਦੀਆਂ ਮੁੱਖ ਸੇਵਾਵਾਂ ਦੇ ਰੇਟ ਤੈਅ ਕਰਨ 'ਤੇ ਵੀ ਵਿਚਾਰ ਕੀਤਾ ਗਿਆ ਤਾਂ ਜੋ ਲੋਕਾਂ ਨੂੰ ਇਕ ਸਮਾਨ ਰੇਟ ਉੱਤੇ ਵਧੀਆ ਸਿਹਤ ਸੇਵਾਵਾਂ ਮਿਲ ਸਕਣ। ਇਸ ਦੇ ਨਾਲ ਹੀ ਬਾਕੀ ਸੇਵਾਵਾਂ ਦੇ ਵੀ ਰੇਟ ਤੈਅ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ।

ਸਿਹਤ ਮੰਤਰੀ ਨੇ ਕਿਹਾ ਕਿ ਕਿਫ਼ਾਇਤੀ ਸਿਹਤ ਸੇਵਾਵਾਂ ਦੇਣ ਲਈ ਨੀਤੀ ਬਣਾਉਣ ਸਮੇਂ 'ਵਨ ਪੰਜਾਬ ਵਨ ਪ੍ਰਾਈਸ ਇਨ ਹੈਲਥ ਕੇਅਰ' ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਦੇ ਨਾਲ ਹੀ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਸੇਵਾਵਾਂ ਦੇ ਰੇਟ ਤੈਅ ਕਰਨ ਸਮੇਂ ਸ਼ਹਿਰ ਅਤੇ ਹਸਪਤਾਲ ਦੀ ਸਮਰੱਥਾ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਰੇਟ ਤੈਅ ਕੀਤੇ ਜਾਣ।

ਡਾ. ਸਿੰਗਲਾ ਨੇ ਇਸ ਮੌਕੇ ਐਲੋਪੈਥੀ ਤੋਂ ਇਲਾਵਾ ਆਯੂਰਵੈਦਿਕ ਅਤੇ ਹੋਮਿਉਪੈਥੀ ਨੂੰ ਵੀ ਹੁਲਾਰਾ ਦੇਣ ਲਈ ਯਤਨ ਕਰਨ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਉਹਨਾਂ ਦਵਾਈਆਂ ਦੇ ਰੇਟਾਂ ਅਤੇ ਬਦਲ ਸਬੰਧੀ ਇਕ ਐਪ ਤਿਆਰ ਕਰਨ ਸਬੰਧੀ ਵੀ ਹੁਕਮ ਦਿੱਤੇ ਤਾਂ ਜੋ ਲੋਕਾਂ ਨੂੰ ਦਵਾਈ ਦੇ ਰੇਟ ਅਤੇ ਉਸ ਦੇ ਬਦਲ ਸਬੰਧੀ ਇਕ ਸਹੀ ਜਾਣਕਾਰੀ ਮਿਲ ਸਕੇ।

ਇਸ ਮੀਟਿੰਗ ਵਿੱਚ ਮੈਂਬਰ ਰਾਜ ਸਭਾ ਸ਼੍ਰੀ ਸੰਜੀਵ ਅਰੋੜਾ, ਪ੍ਰਮੁੱਖ ਸਕੱਤਰ ਡਾਕਟਰੀ ਸਿੱਖਿਆ ਅਤੇ ਖੋਜ ਸ਼੍ਰੀ ਹੁਸਨ ਲਾਲ, ਸਕੱਤਰ ਸਿਹਤ ਤੇ ਪਰਿਵਾਰ ਭਲਾਈ ਸ਼੍ਰੀ ਅਜੋਏ ਸ਼ਰਮਾ, ਸ੍ਰੀਮਤੀ ਨੀਲਿਮਾ ਐਮ.ਡੀ. ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਆਦਿ ਹਾਜ਼ਰ ਸਨ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੌਆ

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can
Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



204-333-9000, 416-818-3777

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਪਹਿਲਾਂ ਪਤੀ ਨੇ ਸ਼ਰਾਬੀ ਬਣਾਇਆ ਤੇ ਸ਼ਰਾਬ ਛੱਡਣ ਲਈ ਪਤਨੀ ਨੇ ਸ਼ਰਤ ਰੱਖ ਦਿੱਤੀ

ਭੋਪਾਲ, 17 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੀ ਫੈਮਿਲੀ ਕੋਰਟ ਵਿੱਚ ਇੱਕ ਅਜਿਹਾ ਕੇਸ ਪਹੁੰਚਿਆ ਹੈ, ਜਿਸ ਨੇ ਸਮਾਜ ਦੇ ਬਦਲਦੇ ਚਿਹਰੇ ਨੂੰ ਬੇਕਨਾਬ ਕਰ ਦਿੱਤਾ ਹੈ।

ਮਾਮਲਾ ਕੁਝ ਇੰਝ ਹੈ ਕਿ ਪਹਿਲਾਂ ਪਤੀ ਨੇ ਪਤਨੀ ਨੂੰ ਸ਼ਰਾਬ ਪੀਣ ਦੀ ਆਦਤਪਾਈ। ਪਤਨੀ ਜਦ ਸ਼ਰਾਬ ਦੀ ਆਦੀ ਹੋ ਗਈ ਅਤੇ ਇਸ ਦਾ ਗਲਤ ਅਸਰ ਉਨ੍ਹਾਂ ਦੇ ਬੱਚਿਆਂ ਉੱਤੇ ਪੈਣ ਲੱਗਾ ਤਾਂ ਪਤੀ ਸ਼ਰਾਬ ਛੱਡਣ ਦੀ ਜ਼ਿੱਦ ਕਰਨ ਲੱਗਾ। ਗੱਲ ਨਹੀਂ ਬਣੀ ਤਾਂ ਉਸ ਨੇ ਫੈਮਿਲੀ ਕੋਰਟ ਵਿੱਚ ਤਲਾਕ ਦੀ ਅਰਜ਼ੀ ਤਕ ਲਾ ਦਿੱਤੀ। ਪਤਨੀ ਦਾ ਕਹਿਣਾ ਸੀ ਕਿ ਸ਼ਰਾਬ ਦੀ ਇੰਨੀ ਆਦਤ ਬਣ ਗਈ ਹੈ ਕਿ ਛੁੱਟ ਨਹੀਂ ਰਹੀ। ਜੇ ਪਤੀ ਵੀ ਸ਼ਰਾਬ ਪੀਣਾ ਛੱਡ ਦੇਵੇ ਤਾਂ ਉਹ ਵੀ ਕੋਸ਼ਿਸ਼ ਕਰ ਸਕਦੀ ਹੈ। ਫੈਮਿਲੀ ਕੋਰਟ ਭੋਪਾਲ ਦੇ ਕੌਂਸਲਰ ਨੇ ਦੱਸਿਆ ਕਿ ਕੌਂਸਲਿੰਗ ਕਰ ਕੇ ਪਤੀ-ਪਤਨੀ ਨੂੰ ਸ਼ਰਾਬ ਛੱਡਣ ਲਈ ਤਿਆਰ ਕੀਤਾ ਗਿਆ ਅਤੇ ਸਹੁੰ ਪੱਤਰ ਭਰਵਾ ਕੇ ਉਨ੍ਹਾਂ ਨੂੰ ਵਾਪਸ ਘਰ ਭੇਜ ਦਿੱਤਾ ਹੈ।

ਪਤਨੀ ਨੇ ਕਿਹਾ ਕਿ ਪਤੀ ਸਾਫਟਵੇਅਰ ਇੰਜੀਨੀਅਰ ਹੈ। 2014 ਵਿੱਚ ਉਨ੍ਹਾਂ ਦਾ ਵਿਆਹ ਹੋਇਆ ਸੀ ਤੇ ਪਤੀ ਰੋਜ਼ ਸ਼ਰਾਬ ਪੀ ਕੇ ਘਰ ਆਉਂਦਾ ਸੀ। ਓਦੋਂ ਮੈਂ ਘਰ ਵਿੱਚ ਸ਼ਰਾਬ ਲਿਆ ਕੇ ਪੀਣ ਦੀ ਗੱਲ ਕਹੀ, ਪਰ ਸਾਥ ਦੇਣ ਦਾ ਕਹਿ ਕੇ ਪਤੀ ਨੇ ਮੈਨੂੰ ਵੀ ਪਿਲਾਉਣੀ ਸ਼ੁਰੂ ਕਰ ਦਿੱਤੀ। ਇਸ ਪਿੱਛੋਂ ਆਦਤ ਲੱਗ ਗਈ ਹੈ ਤਾਂ ਕਹਿੰਦੇ ਹਨ ਕਿ ਸ਼ਰਾਬ ਛੱਡ। ਮੈਂ ਸ਼ਰਾਬ ਪੀਣੀ ਛੱਡ ਦਿਆਂਗੀ, ਪ੍ਰੰਤੂ ਪਤੀ ਨੂੰ ਵੀ ਛੱਡਣੀ ਪਵੇਗੀ। ਦੂਜੇ ਪਾਸੇ ਪਤੀ ਦਾ ਕਹਿਣਾ ਹੈ ਕਿ ਵਿਆਹ ਨੂੰ ਅੱਠ ਸਾਲ ਹੋ ਚੁੱਕੇ ਹਨ। ਤਿੰਨ ਸਾਲ ਬਾਅਦ ਬੇਟਾ ਹੋਇਆ ਤੇ ਉਹ ਪੰਜ ਸਾਲ ਦਾ ਹੋ ਗਿਆ ਹੈ। ਉਦੋਂ ਹਾਲਾਤ ਹੋਰ ਸਨ। ਅੱਜ ਇੱਕ ਸ਼ਰਾਬੀ ਮਾਂ ਬੱਚੇ ਨੂੰ ਕਿਵੇਂ ਪਾਲੇਗੀ। ਬੱਚੇ ਉੱਤੇ ਗਲਤ ਪ੍ਰਭਾਵ ਦਿੱਸਣ ਲੱਗਾ ਹੈ। ਇਸ ਲਈ ਪਤਨੀ ਨੂੰ ਸ਼ਰਾਬ ਛੱਡਣ ਲਈ ਕਿਹਾ। ਵਾਰ-ਵਾਰ ਕਹਿਣ ਦੇ ਬਾਅਦ ਵੀ ਉਹ ਨਹੀਂ ਮੰਨੀ ਤਾਂ ਤਲਾਕ ਦਾ ਕੇਸ ਕੀਤਾ ਹੈ। ਨਾਲ ਹੀ ਪਤੀ ਨੇ ਸ਼ਰਤ ਰੱਖੀ ਸੀ ਕਿ ਪਤਨੀ ਪੇਕੇ ਨਹੀਂ ਜਾਏਗੀ, ਜਿਸ ਉੱਤੇ ਪਤਨੀ ਨੇ ਸਾਫ ਇਨਕਾਰ ਕਰ ਦਿੱਤਾ।

